# ਮਤਰੇਈ ਮਾਂ ਸਕੀ ਧੀ

ਤਕਦੀਰ ਕੌਰ



ਰਿਸ਼ਤੇ ਖ਼ੂਨ ਦੇ ਹੀ ਪਾਕ ਨਹੀਂ ਹੁੰਦੇ
ਰੂਹ ਦੇ ਵੀ ਪਾਕ ਹੁੰਦੇ ਨੇ
ਜੋ ਸਾਰੀ ਉਮਰ ਖ਼ੂਨ ਦੇ ਰਿਸ਼ਤਿਆਂ ਨਾਲੋਂ ਵੀ
ਜਿਆਦਾ ਪਿਆਰ ਦਿੰਦੇ ਨੇ ਤੇ ਸਾਥ ਨਿਭਾਉਂਦੇ ਨੇ

**ਤਰਦੀਪ ਕੌਰ**

# ਮਤਰੇਈ ਮਾਂ ਸਕੀ ਧੀ

## ਤਕਦੀਰ ਕੌਰ



ਪੰਜਾਬੀ ਲਾਇਬ੍ਰੇਰੀ
PUNJABI LIBRARY

# ਭੂਮਿਕਾ

'ਮਾਂ' ਜਿਸ ਵਿੱਚ ਹਰ ਬੱਚੇ ਦਾ ਸੰਸਾਰ ਵੱਸਦਾ ਹੈ। ਸਿਆਣੇ ਕਹਿੰਦੇ ਹਨ ਕਿ ਮਾਂ ਜਿਨ੍ਹਾਂ ਪਿਆਰ ਬੱਚੇ ਨੂੰ ਕੋਈ ਨਹੀਂ ਕਰ ਸਕਦਾ । ਪਰ ਇਹ ਵੀ ਸੱਚ ਹੈ ਕਿ ਮਾਪਿਆਂ ਵਲੋਂ ਦਿੱਤੇ ਸੰਸਕਾਰ ਤਹਿ ਕਰਦੇ ਹਾਂ ਕਿ ਮਾਂ ਸਕੀ  ਹੈ ਕਿ ਮਤਰੇਈ ਕਿਉਂਕਿ ਕਈ ਵਾਰ ਸਕੀਆਂ ਮਾਵਾਂ ਵੀ ਮਤਰੇਈ ਮਾਂ ਵਾਂਗ ਬੱਚਿਆਂ ਨਾਲ ਸਲੂਕ ਕਰ ਜਾਂਦੀਆਂ ਹਨ ਅਤੇ ਕਈ ਮਤਰੇਈਆਂ ਹੋਕੇ ਵੀ ਸਕੀਆਂ ਨਾਲੋਂ ਵੱਧ ਪਿਆਰ ਦੇ ਜਾਂਦੀਆਂ ਹਨ। ਇਹ ਕਹਾਣੀ ਇੱਕ ਇਸੇ ਤਰ੍ਹਾਂ ਦੇ ਹਾਲਾਤਾਂ ਨੂੰ ਆਪਣੇ ਉੱਤੇ ਹੰਢਾਉਂਦੀ ,ਇੱਕ ਕੁੜੀ ਪ੍ਰਭਜੋਤ ਦੀ ਕਹਾਣੀ ਹੈ ਜਿਸਨੇ ਦੇਖੇ ਤੇ ਖੁਦ ਤੇ ਹੰਢਾਏ ਨੇ ਇਹ ਰੰਗ...

ਮਾਂ ਹੁੰਦੀ ਮੂਰਤੀਕਾਰ ਵਾਂਗੂ...

ਜੋ ਆਪਣੇ ਵਜੂਦ ਚੋਂ ਲੈ ਮਿੱਟੀ ਸਾਡਾ ਵਜੂਦ ਬਣਾ ਦੇਵੇ......

ਆਪਣੇ ਸੰਸਕਾਰਾਂ ਦੇ ਰੰਗ ਬਿਰੰਗਾਂ ਰੰਗ ਦੇਕੇ...

ਸਾਡੀ ਕਾਲੀ ਚਿੱਟੀ ਜ਼ਿੰਦਗੀ ਨੂੰ ਫੁੱਲਾਂ ਜਹੀ ਰੰਗੀਨ ਬਣਾ ਦੇਵੇ...

ਮਾਂ ਜਦੋਂ ਡਾਇਨ ਬਣਜੇ...

ਸੱਚੀ ਗੱਲ ਤਕਦੀਰ ਆਖੇ ਧੀਆਂ ਪੁੱਤਾਂ ਤੇ ਜ਼ੁਲਮ ਝੁਲਾ ਦੇਵੇ......

✧✧✧✧✧✧✧✧✧✧

# ਮਤਰੇਈ ਮਾਂ ਸਕੀ ਧੀ

ਪ੍ਰਭਜੋਤ ਅੱਜ Stanford International College of Business and Technology(ਕੈਨੇਡਾ ) ਵਿੱਚ ਕੰਨਵੋਕੇਸ਼ਨ ਤੇ ਆਪਣੇ ਪਤੀ ਹਰਮਨ ਨਾਲ ਡਿਗਰੀ ਲੈਣ ਆਈ ਹੈ। ਚਿੱਟੇ ਰੰਗ ਦੀ ਫਰਾਕ ,ਖੁੱਲੇ ਵਾਲਾਂ ਵਿੱਚ ਜੋਤ ਕਿਸੇ ਕੋਹ ਕਾਫ਼ ਦੀ ਪਰੀ ਤੋਂ ਘੱਟ ਨਹੀਂ ਸੀ ਲੱਗ ਰਹੀ। ਜੋਤ ਅਤੇ ਹਰਮਨ ਹਾਲ ਵਿੱਚ ਜਾ ਕੇ ਬੈਠ ਗਏ ,ਜਿੱਥੇ ਪਹਿਲੇ ਹੀ ਬਹੁਤ ਸਾਰੇ ਵਿਦਿਆਰਥੀ ਕੁਰਸੀਆਂ ਤੇ  ਬੈਠੇ ਹੋਏ ਸਨ। ਜਿਵੇਂ ਜਿਵੇਂ ਵਿਦਿਆਰਥੀਆਂ ਦੇ ਨਾਮ ਸਟੇਜ ਸੈਕਰੇਟਰੀ ਵੱਲੋ ਬੋਲੇ ਜਾ ਰਹੇ ਸਨ,ਉਸੇ ਤਰ੍ਹਾਂ ਵਾਰੋ ਵਾਰ ਸਾਰੇ ਵਿਦਿਆਰਥੀ ਲਾਇਨ ਸਿਰ ਆਪਣੀ ਡਿਗਰੀ ਲੈਣ ਸਟੇਜ ਤੇ ਜਾ ਰਹੇ ਸਨ। ਕੁੱਝ ਸਮੇ ਬਾਅਦ ਜੋਤ ਦਾ ਨਾਮ ਮਾਇਕ ਵਿਚ ਬੋਲਿਆ ਗਿਆ ਅਤੇ ਆਪਣਾ ਨਾਮ ਸੁਣਦੇ ਹੀ ਜੋਤ  ਵੀ ਉੱਠ ਕੇ ਸਟੇਜ ਉੱਪਰ ਡਿਗਰੀ ਲੈਣ ਚਲੇ ਗਈ। ਡਿਗਰੀ ਲੈ ਕੇ ਜਦੋ ਜੋਤ ਸਟੇਜ ਤੋਂ ਥੱਲੇ ਪੌੜੀਆਂ ਉੱਤਰੀ ਤਾਂ ਓਹਦੀਆਂ ਅੱਖਾਂ ਚੋਂ ਹੰਝੂ ਬਾਹਰ ਨਿੱਕਲ ਓਹਦੀਆਂ ਗੱਲ੍ਹਾ ਤੱਕ ਵਗ ਰਹੇ ਸਨ।

ਜੋਤ ਨੇ ਚੁੱਪ ਚਾਪ ਕੁਰਸੀ ਤੇ ਬੈਠਦਿਆਂ ਇੱਕ ਨਿਗ੍ਹਾ ਭਰ ਹਰਮਨ ਵੱਲ ਤੱਕਿਆ ਅਤੇ ਫ਼ਿਰ ਡਿਗਰੀ ਨੂੰ ਘੁੱਟ ਕੇ ਛਾਤੀ ਨਾਲ ਲਾ ਕੇ ਅੱਖਾਂ ਬੰਦ ਕਰ ਉੱਪਰ ਨੂੰ ਮੂੰਹ ਕਰਦੇ ਬਸ ਇੰਨ੍ਹਾਂ ਹੀ ਉਸਦੇ ਮੂੰਹੋਂ ਨਿਕਲਿਆ," ਥੈਂਕਸ ਮੋਮ , ਆਈ ਪਰਾਉ੍ਡ ਓਫ ਯੂ।" ਆਈ ਲਵ ਯੂ ਸੋ ਮੱਚ ਕਹਿੰਦਿਆ," ਜੋਤ ਉਸ ਸਮੇ ਬਾਰੇ ਸੋਚਣ ਲੱਗੀ ਜਦੋ ਉਸਦੀ ਮਾਂ ਨੇ ਉਸਦੇ ਛੋਟਿਆਂ ਹੁੰਦਿਆਂ ਹੀ ਬਾਰਵੀ ਤੋਂ ਬਾਅਦ ਉਸਨੂੰ ਅਗੇਰੀ ਪੜ੍ਹਾਈ ਲਈ ਉਸਦੀ ਮਾਸੀ ਕੋਲ ਅਮਰੀਕਾ ਭੇਜਣ ਅਤੇ ਪੜ੍ਹਾ ਲਿਖਾ ਕੇ ਖੁਦ ਦੇ ਪੈਰਾਂ ਤੇ ਖੜੇ ਕਰਨ ਦਾ ਸੁਪਨਾ ਦੇਖਿਆ ਸੀ।

ਪਰ ਕਹਿੰਦੇ ਨੇ ਨਾ ਆਉਣ ਵਾਲੀ ਘੜੀ ਚ ਕਿਸ ਲਈ ਕੀ ਪ੍ਰਮਾਤਮਾ ਨੇ ਲਿਖਿਆ ਕਿਸੇ ਨੂੰ ਨਹੀਂ ਪਤਾ। ਬੱਸ ਉਸੇ ਤਰ੍ਹਾਂ ਜੋਤ ਦੀ ਕਿਸਮਤ ਅਮਰੀਕਾ ਦੀ ਜਗ੍ਹਾ ਉਸਨੂੰ ਕੈਨੇਡਾ ਲੈ ਕੇ ਆਵੇਗੀ ਇਹ ਵੀ ਕਦੇ ਨਹੀਂ ਕਿਸੇ ਨੇ ਸੋਚਿਆ ਸੀ।

ਉੱਚੀ ਲੰਬੀ ,ਪਤਲੀ ,ਮੋਟੀਆਂ ਅੱਖਾਂ ਅਤੇ ਗੋਰਾ ਰੰਗ,ਜੋ ਵੀ ਜੋਤ ਨੂੰ ਦੇਖਦਾ ਅਤੇ ਦੇਖਦਾ ਹੀ ਰਹਿ ਜਾਂਦਾ । +2(ਕਾਮਰਸ ) ਵਿੱਚ ਪੜ੍ਹਦਿਆਂ ਹੀ ਜੋਤ ਨੂੰ ਰਿਸ਼ਤੇ ਦੀਆਂ ਦੱਸਾਂ ਪੈਣ ਲੱਗ ਗਈਆਂ ਸੀ । ਪਰ ਜੋਤ ਦੀ ਮਾਂ ਬਿੰਦਰ ਜੋਤ ਦੇ ਇੰਨ੍ਹੀ ਛੋਟੀ ਉਮਰੇ ਵਿਆਹ ਲਈ ਰਾਜੀ ਨਹੀਂ ਸੀ ਕਿਓਂਕਿ ਉਹ ਇੰਨ੍ਹੀ ਛੋਟੀ ਉਮਰੇ ਵਿਆਹ ਕਰਕੇ ਉਸਦੇ ਸੁਪਨਿਆਂ ਦਾ ਗਲਾਂ ਨਹੀਂ ਸੀ ਘੁਟਣਾ ਚਾਹੁੰਦੀ। ਬਿੰਦਰ ਦਾ ਸੁਪਨਾ ਸੀ ਕਿ ਜੋਤ ਪੜ੍ਹ ਲਿਖ ਕੇ ਆਪਣੇ ਪੈਰਾਂ ਤੇ ਖੜ੍ਹੀ ਹੋਵੇ । ਇਸ ਲਈ ਉਹ ਹਰ ਆਉਂਦੇ ਰਿਸ਼ਤੇ ਨੂੰ ਮਨ੍ਹਾਂ ਕਰ ਦਿੰਦੀ ਸੀ ।

ਪਰ ,ਇੱਕ ਦਿਨ ਫੋਨ ਕਰ ਬਿੰਦਰ ਦੇ ਭਰਾ ਨੇ ਬਿੰਦਰ ਨੂੰ ਰਿਸ਼ਤੇਦਾਰੀ ਵਿੱਚੋ ਜੋਤ ਦੇ ਲਈ ਰਿਸ਼ਤੇ ਦੀ ਦੱਸ ਪਾਈ ਅਤੇ ਕਿਹਾ ਕਿ ਉਹ ਆਪ ਰਿਸ਼ਤਾ ਮੂੰਹੋਂ ਮੰਗ ਰਹੇ ਨੇ । ਮੁੰਡੇ ਦਾ ਨਾਮ ਹਰਮਨ ਸੀ ਅਤੇ ਹਰਮਨ ਆਪਣੇ ਮਾਪਿਆਂ ਦਾ ਇਕਲੌਤਾ ਮੁੰਡਾ ਸੀ । ਹਰਮਨ

ਦਾ ਪਰਿਵਾਰ ਵੈਸ਼ਨੋ ਸੀ ਅਤੇ ਕਾਫੀ ਲੰਬੇ ਸਮੇ ਤੋਂ ਕੈਨੇਡਾ ਚ ਰਹਿੰਦਾ ਸੀ । ਰਿਸ਼ਤਾ ਭਾਵੇ ਬਹੁਤ ਵਧੀਆ ਸੀ ਪਰ ਬਿੰਦਰ ਨੇ ਇਸ ਰਿਸ਼ਤੇ ਲਈ ਵੀ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਜੋਤ ਅਜੇ ਛੋਟੀ ਹੈ।

ਰਿਸ਼ਤਾ ਰਿਸ਼ਤੇਦਾਰੀ ਵਿੱਚੋ ਹੀ ਸੀ ਇਸ ਲਈ ਬਿਨਾਂ ਕਿਸੇ ਗੱਲੋਂ ਨਾਂਹ ਸੁਣ ਕੇ ਚੁੱਪ ਬਹਿਣਾ ਹਰਮਨ ਦੇ ਪਰਿਵਾਰ ਲਈ ਸੌਖਾ ਨਹੀਂ ਸੀ। ਇਸ ਲਈ ਜਾਣ ਪਹਿਚਾਣ ਹੋਣ ਕਰਕੇ ਆਪ ਹੀ ਜੋਤ ਦੇ ਮਾਮੇ ਕੋਲੋਂ ਬਿੰਦਰ ਦਾ ਫੋਨ ਨੰਬਰ ਲੈ ਕੇ ਹਰਮਨ ਦੀ ਮੰਮੀ(ਪਰਮਜੀਤ ) ਨੇ ਬਿੰਦਰ ਨੂੰ ਫੋਨ ਕਰਕੇ,ਇੱਕ ਵਾਰ ਮਿਲਣ ਨੂੰ ਬੋਲਿਆ।ਰਿਸ਼ਤੇਦਾਰੀ ਦਾ ਮਾਮਲਾ ਹੋਣ ਕਰਕੇ ਬਿੰਦਰ ਉਨ੍ਹਾਂ ਨੂੰ ਘਰੇ ਆਉਣ ਲਈ ਨਾਂਹ ਨਹੀਂ ਸੀ ਕਰ ਸਕਦੀ ਇਸ ਲਈ ਬਿੰਦਰ ਪਰਮਜੀਤ ਨੂੰ ਬੱਸ ਇਹੀ ਕਹਿ ਸਕੀ ਕਿ ਜੋਤ ਦੇ ਪਾਪਾ ਨਾਲ ਸਲਾਹ ਕਰਕੇ ਦੱਸਦੀ ਹਾਂ।ਬਿੰਦਰ ਨੇ ਜੋਤ ਦੇ ਪਾਪਾ ਮਨਪ੍ਰੀਤ ਨੂੰ ਜਦੋ ਸਾਰੀ ਗੱਲ ਦੱਸੀ ਤਾਂ ਉਨ੍ਹਾਂ ਨੇ ਸਮਝਾਇਆ ਕਿ ," ਜੇ ਉਹ ਇਨ੍ਹਾਂ ਜ਼ੋਰ ਦਿੰਦੇ ਹਨ ਤਾਂ ਇੱਕ ਵਾਰ ਮਿਲ ਲੈਂਦੇ ਹਾਂ ।" ਮਿਲਣ ਚ ਕੋਈ ਹਰਜ਼ ਨਹੀਂ। ਉਹ ਕਿਹੜਾ ਧੱਕੇ ਨਾਲ ਰਿਸ਼ਤਾ ਕਰਨ ਨੂੰ ਕਹਿੰਦੇ ਨੇ। ਤੂੰ ਉਨ੍ਹਾਂ ਨੂੰ ਘਰ ਬੁਲਾ ਲੈ।

ਮਨਪ੍ਰੀਤ ਦੀ ਗੱਲ ਮਨ ਕੇ ਬਿੰਦਰ ਨੇ ਉਨ੍ਹਾਂ ਨੂੰ ਫੋਨ ਕਰਕੇ ਘਰ ਆਉਣ ਦਾ ਕਹਿ ਦਿੱਤਾ। ਦੋ ਦਿਨ ਬਾਅਦ ਹਰਮਨ ਦੇ ਮੰਮੀ ਪਾਪਾ ਜੋਤ ਦੇ ਘਰ ਆਏ ਅਤੇ ਡਰਾਵਿੰਗ ਰੂਮ ਚ ਬਿਠਾ ਕੇ ਬਿੰਦਰ ਨੇ ਪਹਿਲਾ ਉਨ੍ਹਾਂ ਨੂੰ ਕੋਲ੍ਡ ਡਰਿੰਕ ਦਿੱਤੀ ਅਤੇ ਫਿਰ ਸਮੋਸੇ,ਹਰੀ ਅਤੇ ਲਾਲ ਚਟਨੀ ਨਾਲ ਪਲੇਟ ਚ ਪਾ ਉਨ੍ਹਾਂ ਦੇ ਅੱਗੇ ਮੇਜ ਤੇ ਰੱਖ ਦਿੱਤੇ। ਫਿਰ ਥੋੜੇ ਸਮੇ ਬਾਅਦ ਚਾਹ ਦੇ ਨਾਲ ਬਿਸਕੁਟ ,ਭੁਜੀਆਂ,ਅਤੇ ਬਰਫੀ ਪਲੇਟਾਂ ਚ ਪਾ ਕੇ ਲਿਆ

ਕੇ ,ਬਿੰਦਰ ਨੇ ਮੇਜ ਤੇ ਰੱਖ ਦਿੱਤਾ । ਸਭ ਨੇ ਚਾਹ ਪੀਤੀ ਅਤੇ ਬੈਠ ਕੇ ਗੱਲਾਂ ਕਰਨ ਲੱਗੇ ।

ਕੁੱਝ ਸਮੇ ਬਾਅਦ ਪਰਮਜੀਤ ਨੇ ਬਿਨਾ ਕਿਸੇ ਝਿੱਜਕ ਤੋਂ ,ਸਿੱਧਾ ਹੀ ਬਿੰਦਰ ਨੂੰ ਪੁੱਛ ਲਿਆ ,"ਕੀ ਗੱਲ ਹੈ ਬਿੰਦਰ ?"

ਤੁਸੀਂ ਕਿਓਂ ਨਹੀਂ ਜੋਤ ਦਾ ਰਿਸ਼ਤਾ ਕਰਨਾ ਚਾਹੁੰਦੇ ਹਰਮਨ ਨਾਲ ? ਕੀ ਤੈਨੂੰ ਬਿੰਦਰ ਇਹ ਸ਼ੱਕ ਤਾਂ ਨਹੀਂ ਵੀ ਹਰਮਨ ਕੈਨੇਡਾ ਚ ਰਹਿਣ ਕਰਕੇ ਗਲਤ ਸੰਗਤ ਦਾ ਸ਼ਿਕਾਰ ਹੋ ਗਿਆ ਹੋਣਾ ਹੈ....? ਤਾਂ ਨਾਂਹ ਕਰ ਦਿੱਤੀ ਰਿਸ਼ਤੇ ਵਲੋਂ।

ਜੇ ਇਹ ਗੱਲ ਹੈ ਤਾਂ ਬਿੰਦਰ ਤੂੰ ਬਿਨਾਂ ਕਿਸੇ ਡਰ ਖੁਲ ਕੇ ਦੱਸ ਸਕਦੀ ਹੈ ਮੈਨੂੰ। ਅਸੀਂ ਰਿਸ਼ਤੇਦਾਰੀ ਚੋਂ ਭਾਵੇਂ ਭੈਣਾਂ ਕਹਿ ਭਾਵੇਂ ਸਹੇਲੀਆਂ ਪਹਿਲਾ ਆ। ਇਹ ਰਿਸ਼ਤਾ ਇਸ ਰਿਸ਼ਤੇ ਨੂੰ ਖ਼ਤਮ ਨਹੀਂ ਕਰ ਸਕਦਾ। ਦੇਖ! ਜੋਤ ਨੂੰ ਮੈਂ ਧੀ ਬਣਾ ਕੇ ਲੈ ਕੇ ਜਾਣਾ ਹੈ ਨੂੰਹ ਨਹੀਂ.....! ਅਸੀਂ ਤੁਹਾਨੂੰ ਅਸ਼ਵਾਸਨ ਦਿੰਦੇ ਹਾਂ ਕਿ ਜੋਤ ਨੂੰ ਕਦੇ ਵੀ ਕੋਈ ਤਕਲੀਫ ਨਹੀਂ ਹੋਵੇਗੀ।

ਪਰਮਜੀਤ ਦੀਆਂ ਗੱਲਾਂ ਸੁਣ ਬਿੰਦਰ ਇੱਕ ਦਮ ਪਰਮਜੀਤ ਦੀ ਗੱਲ ਨੂੰ ਕੱਟਦੇ ਬੋਲੀ ," ਨਹੀਂ ਦੀਦੀ,ਇੱਦਾਂ ਦੀ ਕੋਈ ਗੱਲ ਨਹੀਂ ਹੈ ।" ਮੈਂ ਜਾਣਦੀ ਹਾਂ ਕਿ ਤੁਹਾਡੇ ਪਰਿਵਾਰ ਤੋਂ ਵਧੀਆ ਪਰਿਵਾਰ,ਜੋਤ ਨੂੰ ਕਦੇ ਨਹੀਂ ਮਿਲ ਸਕਦਾ।"

ਪਰ ?

ਪਰ ਕੀ,ਬਿੰਦਰ....? ਤੂੰ ਬੇਝਿੱਜਕ ਕੋਈ ਵੀ ਗੱਲ ਮੇਰੇ ਨਾਲ ਕਰ ਸਕਦੀ ਹੈ । ਅਸੀਂ ਦੋਨੋ ਬਚਪਨ ਤੋਂ ਇਕ ਦੂਜੇ ਨੂੰ ਜਾਣਦੀਆਂ ਹਾਂ ।

ਦਰਅਸਲ ਦੀਦੀ,ਬਿੰਦਰ ਝਿੱਜਕਦੀ ਹੋਈ ਬੋਲੀ ," ਮੈਂ ਜੋਤ ਨੂੰ ਪੜ੍ਹਾਉਣਾ ਚਾਹੁੰਦੀ ਹਾਂ।" ਮੇਰਾ ਸੁਪਨਾ ਹੈ ਕਿ ਉਹ ਆਪਣੇ ਪੈਰਾਂ ਤੇ ਖੜ੍ਹੀ ਹੋਵੇ। ਇਨ੍ਹੀ ਛੋਟੀ ਉਮਰੇ ਵਿਆਹ ਕਰਕੇ ਮੈਂ ਉਸਦੇ ਸੁਪਨੇ ਮਾਰਨਾ ਨਹੀਂ ਚਾਹੁੰਦੀ।

ਬਸ ਇਨ੍ਹੀ ਜਹੀ ਗੱਲ ਆ ,ਪਰਮਜੀਤ ਹੱਸਦੇ ਹੋਏ ਬੋਲੀ।ਦੇਖ ਬਿੰਦਰ,ਅਸੀਂ ਸਿਰਫ ਰਿਸ਼ਤਾ ਕਰਨ ਨੂੰ ਕਹਿ ਰਹੇ ਹਾਂ ।ਸਾਨੂੰ ਕੋਈ ਇਤਰਾਜ਼ ਨਹੀਂ ਅਗਰ ਜੋਤ ਅੱਗੇ ਪੜ੍ਹਨਾ ਚਾਹੁੰਦੀ ਹੈ ਬਲਕਿ ਜੋਤ ਜਿਨ੍ਹਾਂ ਪੜ੍ਹਨਾ ਚਾਹੇਗੀ,ਅਸੀਂ ਉਸਨੂੰ ਪੜ੍ਹਾਵਾਂਗੇ। ਮੇਰੀ ਸੋਚ ਪੁਰਾਣੀਆਂ ਸੱਸਾਂ ਵਾਲੀ ਨਹੀਂ ਹੈ ਕਿ ਨੂੰਹ ਘਰ ਦੇ ਕੰਮ ਕਰੇ ਬੱਸ।ਪਹਿਲੇ ਜਮਾਨੇ ਚ ਹੁੰਦਾ ਸੀ ਕੁੜੀਆਂ ਘਰ ਦੇ ਕੰਮਾਂ ਤੱਕ ਸੀਮਿਤ ਸੀ। ਅੱਜ ਕੱਲ ਕੁੜੀਆਂ ਘਰ ਅਤੇ ਬਾਹਰ ਦੋਨੋ ਵਧੀਆ ਢੰਗ ਨਾਲ ਸੰਭਾਲ ਸਕਦੀਆਂ ਨੇ।ਮੈਂ ਤਾਂ ਆਪ ਇਸ ਹੱਕ ਚ ਹਾਂ ਕਿ ਕੁੜੀਆਂ ਦਾ ਅੱਜ ਦੇ ਸਮੇ ਚ ਪੜ੍ਹੇ ਲਿਖੇ ਹੋਣਾ ਅਤੇ ਨੌਕਰੀ ਕਰਨੀ ਬਹੁਤ ਜਰੂਰੀ ਹੈ। ਤੂੰ ਫਿਕਰ ਨਾ ਕਰ। ਅਸੀਂ ਕਦੇ ਜੋਤ ਨੂੰ ਪੜ੍ਹਨੋ ਜਾਂ ਨੌਕਰੀ ਕਰਨ ਤੋਂ ਨਹੀਂ ਰੋਕਾਂਗੇ।

ਨਹੀਂ ਦੀਦੀ! ਬਿੰਦਰ ਗੱਲ ਨੂੰ ਵਿੱਚੋ ਟੋਕਦੇ ਹੋਏ ਬੋਲੀ ," ਮੇਰੀ ਧੀ ਦੀ ਪੜ੍ਹਾਈ ਦਾ ਖਰਚਾ ਮੈਂ ਆਪ ਚੁੱਕਣਾ ਚਾਹੁੰਦੀ ਹਾਂ । ਜੇ ਤੁਸੀਂ ਜੋਤ ਦੀ ਪੜ੍ਹਾਈ ਤੱਕ ਰੁਕ ਸਕਦੇ ਹੋ ਤਾਂ ਅਸੀ ਰਿਸ਼ਤਾ ਕਰਨ ਨੂੰ ਤਿਆਰ ਹਾਂ।

ਹਰਮਨ ਦੀ ਮੰਮੀ ਅਤੇ ਪਾਪਾ ਤਾਂ ਕਿਸੇ ਵੀ ਹਾਲ ਚ ਰਿਸ਼ਤਾ ਕਰਨਾ ਚਾਹੁੰਦੇ ਸਨ ਕਿਓਂਕਿ ਅੱਜ ਦੇ ਹਾਲਾਤ ਚ ਸਹੀ ਕੁੜੀ ਅਤੇ ਪਰਿਵਾਰ ਮਿਲਣਾ ਬਹੁਤ ਔਖਾ ਹੈ ਕਿਓਂਕਿ ਕੈਨੇਡਾ ਰਹਿੰਦੇ ਉਨ੍ਹਾਂ ਨੇ ਕੁੱਝ ਕੁੜੀਆਂ ਦੇ ਹਾਲਾਤ ਦੇਖੇ ਹੋਏ ਸਨ।ਇਸ ਲਈ ਉਨ੍ਹਾਂ ਨੇ ਬਿੰਦਰ ਦੀਆਂ ਸਭ ਸ਼ਰਤਾਂ ਨੂੰ ਮੰਨ ਲਿਆ ਅਤੇ 15 ਦਿਨ ਬਾਅਦ ਜੋਤ ਅਤੇ ਹਰਮਨ ਦੀ ਰੋਕਾ ਸਰਮਨੀ ਕਰਨ ਦਾ ਫੈਸਲਾ ਕੀਤਾ ਗਿਆ ਕਿਓਂਕਿ ਹਰਮਨ ਅਤੇ ਉਸਦਾ

ਪਰਿਵਾਰ ਸਿਰਫ ਇਕ ਮਹੀਨੇ ਲਈ ਇੰਡੀਆ ਆਏ ਸਨ ।ਉਹ ਵੀ ਕਿਸੇ ਰਿਸ਼ਤੇਦਾਰੀ ਚ ਵਿਆਹ ਲਈ।

ਹੁਣ,ਉਨ੍ਹਾਂ ਦੇ ਜਾਣ ਨੂੰ ਸਿਰਫ 15 ਦਿਨ ਹੀ ਰਹਿ ਗਏ ਸਨ ਅਤੇ ਜਾਣ ਤੋਂ ਪਹਿਲਾ,ਉਹ ਹਰਮਨ ਅਤੇ ਜੋਤ ਦਾ ਰੋਕਾ ਕਰਨਾ ਚਾਹੁੰਦੇ ਸਨ ।

ਇਹ ਰੋਕਾ ਸਰਮਨੀ ਜੋਤ ਦੇ ਪਿੰਡ ਦੇ ਨੇੜੇ ਹੀ ਇੱਕ ਇਤਿਹਾਸਿਕ ਗੁਰੂਦਵਾਰਾ ਸਾਹਿਬ ਵਿੱਚ ਰੱਖੀ ਗਈ ਜਿਸ ਵਿੱਚ ਸਿਰਫ ਜੋਤ ਅਤੇ ਹਰਮਨ ਦੇ ਪਰਿਵਾਰਿਕ ਜੀਆਂ ਤੋਂ ਬਿਨਾਂ ਕਿਸੇ ਨੂੰ ਵੀ ਨਹੀਂ ਬੁਲਾਇਆ ਗਿਆ। ਜੋਤ ਨੇ ਸੰਤਰੀ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਹਰਮਨ ਨੇ ਬ੍ਲੈਕ ਜੀਨ ਅਤੇ ਵ੍ਹਾਈਟ ਕਮੀਜ ਪਾਈ ਹੋਈ ਸੀ । ਦੋਨੋ ਹੀ ਇੱਕ ਦੂਜੇ ਤੋਂ ਸੋਹਣੇ ਲੱਗ ਰਹੇ ਸਨ  । ਕੋਈ ਕਹਿ ਨਹੀਂ ਸੀ ਸਕਦਾ ਕੇ ਜੋਤ ਸੋਹਣੀ ਹੈ ਜਾਂ ਹਰਮਨ ।ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਚ ਬਿਠਾ ਕੇ ਦੋਨੋ ਪਰਿਵਾਰਾਂ ਨੇ ਜੋਤ ਅਤੇ ਹਰਮਨ ਨੂੰ ਸ਼ਗੁਨ ਪਾਇਆ। ਪਹਿਲਾ ਜੋਤ ਦੇ ਮੰਮੀ ਪਾਪਾ ਨੇ ਹਰਮਨ ਦਾ ਮੂੰਹ ਮਿੱਠਾ ਕਰਵਾ ਕੇ ਉਸਦੀ ਝੋਲੀ 500 ਰੁਪਏ ਪਾ ਕੇ ਪਿਆਰ ਦਿੱਤਾ ਅਤੇ ਫਿਰ ਹਰਮਨ ਦੇ ਮੰਮੀ ਪਾਪਾ ਨੇ ਜੋਤ ਦਾ ਮੂੰਹ ਮਿੱਠਾ ਕਰਵਾ ਕੇ ਉਸਨੂੰ 500 ਰੁਪਏ ਝੋਲੀ ਚ ਪਾ ਕੇ ਪਿਆਰ ਦਿੱਤਾ ।

ਫਿਰ ਦੋਨੋ ਪਰਿਵਾਰ ਵਾਹਿਗੁਰੂ ਜੀ ਦਾ ਸ਼ੁਕਰਾਨਾ  ਕਰਕੇ ,ਨੇੜੇ ਦੇ ਕਿਸੇ ਹੋਟਲ ਵਿਚ ਚਾਹ ਪੀਣ ਲਈ ਚਲੇ ਗਏ। ਦੋਨੋ ਪਰਿਵਾਰ ਬਹੁਤ ਖੁਸ਼ ਸਨ । ਹੋਟਲ ਚੋ ਚਾਹ ਦੇ ਨਾਲ ਮਿਠਾਈ ਖਾਧੀ ਅਤੇ ਆਪਸ ਵਿਚ ਗੱਲਾਂ ਕਰਨ ਲੱਗ ਗਏ। ਪਰਮਜੀਤ ਨੇ ਪਰਸ ਚੋਂ ਫੋਨ ਕੱਢ ਜੋਤ ਨੂੰ  ਗਿਫ਼ਟ ਦੇ ਤੋਰ ਤੇ ਦੇਣਾ ਚਾਹਿਆ ਪਰ ਬਿੰਦਰ ਨੇ ਫੋਨ ਲੈਣ ਤੋਂ ਮਨਾ ਕਰ ਦਿੱਤਾ ਅਤੇ ਪਰਮਜੀਤ ਨੂੰ ਸਮਝਾਇਆ ਕਿ,"ਦੀਦੀ ਜੋਤ ਅਜੇ ਛੋਟੀ ਹੈ ਇਨ੍ਹੀ ਸਮਝ

ਨਹੀਂ। ਜਦੋ ਵੀ ਤੁਸੀਂ ਜੋਤ ਨਾ ਗੱਲ ਕਰਨੀ ਹੋਈ,ਮੇਰੇ ਫੋਨ ਤੇ ਕਾਲ ਕਰ ਲੈਣਾ।" ਮੈਂ ਨਹੀਂ ਚਾਹੁੰਦੀ ਕੇ ਕਿਸੇ ਵੀ ਤਰ੍ਹਾਂ ਜੋਤ ਦੀ ਪੜ੍ਹਾਈ ਖਰਾਬ ਹੋਵੇ। ਹਰਮਨ ਦੇ ਮੰਮੀ ਪਾਪਾ ਨੇ ਬਿੰਦਰ ਦੇ ਫੈਸਲੇ ਦੀ ਕਦਰ ਕੀਤੀ ਅਤੇ ਕੁੱਝ ਹੋਰ ਗੱਲਾਂ ਬਾਤਾਂ ਇਧਰ ਉਧਰ ਦੀਆਂ ਕਰ ਬਿੰਦਰ ਹੋਣਾ ਕੋਲੋਂ ਜਾਣ ਦੀ ਇਜਾਜਤ ਲਈ ਕਿਉਂਕਿ ਉਨ੍ਹਾਂ ਦੀ ਤਿੰਨ ਦਿਨ ਬਾਅਦ ਫਲਾਈਟ ਸੀ।ਉਨ੍ਹਾਂ ਨੇ ਘਰ ਜਾ ਕੇ ਆਪਣੇ ਸਮਾਨ ਦੀ ਪੈਕਿੰਗ ਵੀ ਕਰਨੀ ਸੀ ਅਤੇ ਕੁੱਝ ਜਰੂਰੀ ਸਮਾਨ ਬਜਾਰੋਂ ਵੀ ਖਰੀਦਣਾ ਸੀ ।

ਹਰਮਨ ਦਾ ਪਰਿਵਾਰ ਆਪਣੀ ਕਾਰ ਚ ਬੈਠ ਕੇ ਆਪਣੇ ਘਰ ਨੂੰ ਚੱਲ ਪਿਆ ਅਤੇ ਜੋਤ ਦਾ ਪਰਿਵਾਰ ਵੀ ਕਾਰ ਚ ਬੈਠ ਕੇ ਆਪਣੇ ਘਰ ਨੂੰ ਤੁਰ ਪਏ । ਸਾਰੇ ਬਹੁਤ ਖੁਸ਼ ਸਨ । ਪਰ ਬਿੰਦਰ ਨੇ ਫੈਸਲਾ ਕੀਤਾ ਕਿ ਉਹ ਕਿਸੇ ਨੂੰ ਵੀ ਜੋਤ ਦੇ ਰਿਸ਼ਤਾ ਹੋਣ ਬਾਰੇ ਨਹੀਂ ਦੱਸਣ ਗਏ। ਬਿੰਦਰ ਨਹੀਂ ਚਾਹੁੰਦੀ ਕਿ ਇਰਖਾ ਕਰਕੇ ਕੋਈ ਵੀ ਜੋਤ ਤੇ ਟੂਣੇ ਕਰ ਉਸਨੂੰ ਕੋਈ ਨੁਕਸਾਨ ਪਹਿਚਾਵੇ ਕਿਉਂਕਿ ਅੱਜ ਕੱਲ ਦੇ ਸਮੇ ਚ ਕਿਸੇ ਵੀ ਦੂਜੇ ਇਨਸਾਨ ਨੂੰ ਦੂਜਿਆਂ ਦੀ ਖੁਸ਼ੀ ਬਰਦਾਸ਼ਤ ਨਹੀਂ ਹੁੰਦੀ।ਜੋਤ ਦੀ ਦਾਦੀ ਕਿਸ਼ਨ ਕੌਰ ਅਤੇ ਪਾਪਾ ਬਿੰਦਰ ਦੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਸਨ। ਇਸ ਲਈ ਉਨ੍ਹਾਂ ਨੇ ਜੋਤ ਅਤੇ ਜੋਤ ਦੇ ਭੈਣ ਭਰਾ ਨੂੰ ਵੀ ਸਖਤੀ ਨਾਲ ਹਿਦਾਇਤ ਦਿੱਤੀ ਕਿ," ਉਹ ਇਹ ਗੱਲ ਘਰ ਤੋਂ ਬਾਹਰ ਨਹੀਂ ਕੱਢਣਗੇ।" ਗੱਲਾਂ ਕਰਦੇ ਕਰਦੇ ਜੋਤ ਹੁਣੀ ,ਘਰ ਪੁਹੰਚ ਗਏ। ਘਰ ਪਹੁੰਚਦਿਆਂ ਨੂੰ ਜੋਤ ਹੁਣਾਂ ਨੂੰ 6 ਵੱਜ ਗਏ ਸਨ ।

ਘਰ ਪੁਹੰਚ ਕੇ ਸਭ ਤੋਂ ਪਹਿਲਾ ਸਾਰਿਆਂ ਨੇ ਕੱਪੜੇ ਬਦਲੇ ਅਤੇ ਫਿਰ ਜੋਤ ਦੇ ਪਾਪਾ, ਮਨਪ੍ਰੀਤ ਵੀ ਡੰਗਰਾਂ(ਮੱਝਾਂ,ਗਾਵਾਂ) ਨੂੰ ਦੇਖਣ ਲਈ ਹਵੇਲੀ(ਵਾੜਾ)ਵੱਲ ਚਲੇ ਗਏ।ਭਾਵੇ ਕਿ ਉਨ੍ਹਾਂ ਨੇ ਇੱਕ ਸੀਰੀ ਰੱਖਿਆ ਹੋਇਆ ਸੀ ਪਰ ਫਿਰ ਵੀ ਉਹ ਡੰਗਰਾਂ(ਮੱਝਾਂ,ਗਾਵਾਂ ) ਦਾ ਖੁਦ ਧਿਆਨ ਰੱਖਣਾ ਪਸੰਦ ਕਰਦੇ ਸਨ। ਮਨਪ੍ਰੀਤ ਨੂੰ ਖੇਤੀ ਅਤੇ ਡੰਗਰਾਂ ਦਾ ਸ਼ੁਰੂ ਤੋਂ

ਹੀ ਸ਼ੋਂਕ ਸੀ ।ਇਸ ਲਈ ਉਹ ਜਿਆਦਾਤਰ ਕੰਮ ਆਪਣੇ ਹੱਥਾਂ ਨਾਲ ਖੁਦ ਕਰਨਾ ਪਸੰਦ ਕਰਦੇ ਸਨ। ਰਾਤ ਨੂੰ ਬਿੰਦਰ ਨੇ ਸਭ ਨੂੰ ਰੋਟੀ ਲਈ ਪੁੱਛਿਆ ਤਾਂ ਸਭ ਨੇ ਮਨਾ ਕਰ ਦਿੱਤਾ।ਬਿੰਦਰ ਨੇ ਦੁੱਧ ਗਰਮ ਕਰਕੇ ਸਭ ਨੂੰ ਦੇ ਦਿੱਤਾ। ਥੱਕੇ ਹੋਏ ਹੋਣ ਕਰਕੇ,ਸਾਰੇ ਜਲਦੀ ਸੌ ਗਏ।

ਅਗਲੇ ਦਿਨ ਸਵੇਰੇ ਉੱਠ ਕੇ ਬਿੰਦਰ ਰੋਟੀ ਪਕਾਉਣ ਲੱਗ ਗਈ ਕਿਓਂਕਿ ਜੋਤ, ਗੁਰਨਾਜ਼ ਅਤੇ ਗੁਰਬਾਜ਼  ਨੇ ਸਕੂਲ ਜਾਣਾ ਸੀ। ਮਨਪ੍ਰੀਤ ਖੇਤਾਂ ਵਿੱਚ ਗੇੜਾ ਮਾਰਨ ਤੁਰ ਗਿਆ ।ਕਿਸ਼ਨ ਕੌਰ ਬਾਹਰ ਵਿਹੜੇ ਵਿੱਚ ਮੰਜੇ ਤੇ ਬੈਠੀ ਆਪਣੀ ਮਾਲਾ ਫੇਰਣ ਲੱਗ ਗਈ। ਬਿੰਦਰ ਰਸੋਈ ਚ ਕੰਮ ਕਰਦੇ ਹੋਏ  ਜੋਤ ਨੂੰ ਆਵਾਜ਼ ਲਗਾਉਂਦੇ ਹੋਏ ਬੋਲੀ ," ਜੋਤ!ਪੁੱਤ ਜੇ ਤਿਆਰ ਹੈ ਤਾਂ ਆਜਾ, ਰੋਟੀ ਖਾ ਲੈ।"

ਫਿਰ ਤੁਹਾਡੀ ਸਕੂਲ ਬਸ ਆ ਜਾਣੀ ਹੈ ਅਤੇ ਤੁਸੀਂ ਲੇਟ ਹੋ ਜਾਣਾ ਹੈ। ਗੁਰਨਾਜ਼ ਅਤੇ ਗੁਰਬਾਜ਼ ਨੂੰ ਵੀ ਲੈ ਆ,ਜਲਦੀ। ਨਹੀਂ ਤਾਂ,ਤੇਰੇ ਪਾਪਾ ਨੂੰ ਅੱਜ ਵੀ ਸਕੂਲ ਛੱਡਣ ਜਾਣਾ ਪੈਣਾ ਇਨ੍ਹਾਂ ਨੂੰ।ਇਨ੍ਹਾਂ ਦੇ ਚੱਕਰ ਚ ਤੇਰੀ ਬਸ ਵੀ ਛੁੱਟ ਜਾਂਦੀ ਹੈ। ਕੋਈ ਨਾ ਮੰਮਾ,ਫਿਰ ਕੀ ਹੋਇਆ?ਇਸੀ ਬਹਾਨੇ,ਅਸੀਂ ਪਾਪਾ ਨਾਲ ਕਾਰ ਚ ਚਲੇ ਜਾਂਦੇ ਹਾਂ,ਜੋਤ ਹੱਸਦੇ ਹੋਏ ਬਿੰਦਰ ਨੂੰ ਬੋਲੀ ।

ਬਿੰਦਰ ਨੇ ਥਾਲੀ ਚ ਆਲੂ ਦੀ ਸਬਜ਼ੀ ਨਾਲ ਪਰੌਂਠੀ ਰੱਖ ਕੇ ,ਥਾਲੀ ਜੋਤ ਨੂੰ ਫੜਾਉਂਦੇ ਹੋਏ ਸਮਝਾਉਂਦੇ ਹੋਈ ਬੋਲੀ," ਪੁੱਤ!ਤੂੰ ਹੁਣ ਆਪਣਾ ਪੂਰਾ ਧਿਆਨ ਪੜ੍ਹਾਈ ਤੇ ਲਗਾਉਣਾ ਹੈ।" ਇਹ ਨਾ ਸੋਚੀ ,ਕਿ ਰਿਸ਼ਤਾ ਹੋ ਗਿਆ ਅਤੇ ਮੈਂ ਕੈਨੇਡਾ ਚਲੇ ਜਾਣਾ ਆ ਤਾਂ ਪੜ੍ਹਨਾ ਨਹੀਂ।ਮੈਂ ਨਹੀਂ ਚਾਹੁੰਦੀ ਕਿ ਤੂੰ ਸਾਡੇ ਵਾਂਗ ਘਰ ਦੇ ਕੰਮਾ ਜੋਗੀ ਰਹਿ ਜਾਵੇ।ਮੈਂ ਤੈਨੂੰ ਤੇਰੇ ਪੈਰਾਂ ਤੇ ਖੜ੍ਹੇ ਦੇਖਣਾ ਚਾਹੁੰਦੀ ਹਾਂ। ਜਿਵੇਂ ਤੂੰ ਦਸਵੀ ਵਿੱਚੋ ਪੂਰੇ ਪੰਜਾਬ ਚੋ  ਪਹਿਲਾ ਸਥਾਨ ਹਾਸਿਲ ਕਰਕੇ ਸਾਡਾ ਨਾਮ ਰੋਸ਼ਨ ਕੀਤਾ ਸੀ ,ਉਸੇ ਤਰ੍ਹਾਂ,ਇਸ ਵਾਰ ਬਾਹਰਵੀਂ

ਚੋ ਵੀ ਤੂੰ ਪੰਜਾਬ ਚੋ ਪਹਿਲਾ ਸਥਾਨ ਲੈਣਾ ਹੈ। ਹੁਣ,ਤਾਂ ਤੇਰੇ ਪੇਪਰਾਂ ਨੂੰ ਵੀ ਮਹੀਨਾ ਰਹਿ ਗਏ ਹਨ। ਪੁੱਤ!ਪੂਰਾ ਮਨ ਲਾ ਕੇ ਪੜ੍ਹਾਈ ਕਰ।

ਅਜੇ ਬਿੰਦਰ ਜੋਤ ਨੂੰ ਸਮਝਾ ਹੀ ਰਹੀ ਸੀ ਕਿ ਇਨ੍ਹੇ ਨੂੰ ਗੁਰਨਾਜ਼ ਅਤੇ ਗੁਰਬਾਜ਼ ਵੀ ਆ ਕੇ ਬੋਲੇ," ਮੰਮਾ, ਸਾਨੂੰ ਵੀ ਰੋਟੀ ਪਾ ਦੋ । ਜੋਤ ਨੇ ਜਦੋ ਘੜੀ ਵੱਲ ਦੇਖਿਆ ਤਾਂ ਸਕੂਲ ਬਸ ਆਉਣ ਨੂੰ ਬਸ 20 ਮਿੰਟ ਰਹਿ ਗਏ ਸਨ। ਜੋਤ ਨੇ ਗੁਰਨਾਜ਼ ਅਤੇ ਗੁਰਬਾਜ਼ ਨੂੰ ਜਲਦੀ ਖਾਣਾ ਖਾਣ ਨੂੰ ਬੋਲੀ ਅਤੇ ਆਪ ਹੱਥ ਧੋਣ ਲਈ ਲੋਬੀ ਚ ਲੱਗੀ ਵਾਸ਼ਬੇਸਿਨ ਵੱਲ ਤੁਰ ਪਈ।ਬਿੰਦਰ ਨੇ ਗੁਰਬਾਜ਼ ਅਤੇ ਗੁਰਬਾਜ਼ ਨੂੰ ਥਾਲੀਆਂ ਚ ਖਾਣਾ ਪਾ ਕੇ ਦਿੱਤਾ ਅਤੇ ਦੱਬਕਾ ਮਾਰਦੇ ਹੋਏ ਜਲਦੀ ਨਾਲ ਖਾਣਾ ਖਾਣ ਨੂੰ ਬੋਲੀ ।

ਆਪ ਜੋਤ ਬਾਹਰ ਗੇਟ ਕੋਲ ਖੜ੍ਹੀ ਹੋ ਕੇ ਬਸ ਦਾ ਇੰਤਜ਼ਾਰ ਕਰਨ ਲੱਗੀ। ਜਦੋ ਜੋਤ ਨੂੰ ਮੋੜ ਕੋਲ ਬਸ ਆਉਂਦੀ ਦਿੱਖੀ ਤਾਂ ਭੱਜ ਕੇ ਅੰਦਰ ਆ ਕੇ ਆਪਣੇ ਭੈਣ ਭਰਾ ਨੂੰ ਉੱਚੀ ਅਵਾਜ ਲਗਾਉਂਦੀ ਬੋਲੀ,"ਓਏ ਗੁਰਬਾਜ਼ ,ਗੁਰਨਾਜ਼ ,ਬਸ ਆ ਗਈ ਆਜੋ।ਮੰਮਾ ,ਮੰਮਾ ਭੇਜ ਦੋ ਇਨ੍ਹਾਂ ਨੂੰ,ਬਸ ਆ ਗਈ ਆ। ਜੋਤ ਦੀ ਅਵਾਜ ਸੁਣ ਗੁਰਬਾਜ਼ ਅਤੇ ਗੁਰਨਾਜ਼ ਆਪਣਾ ਬੇੈਗ ਚੱਕੀ ਭੱਜੇ ਆਏ ਅਤੇ ਗੇਟ ਤੋਂ ਬਾਹਰ ਆ ਕੇ ਜੋਤ ਕੋਲ ਖਲੋ ਗਏ।

ਇਨ੍ਹੇ ਨੂੰ ਬਸ ਵੀ ਆ ਗਈ ਅਤੇ ਤਿੰਨਾਂ ਨੂੰ ਬਸ ਚ ਬਿਠਾ ਕੇ ਘਰ ਦੇ ਅੰਦਰ ਆਉਂਦਿਆ ਬਿੰਦਰ ਵਿਹੜੇ ਚ ਮੰਜੀ ਤੇ ਬੈਠੀ ਕਿਸ਼ਨ ਕੋਰ ਨੂੰ ਰੋਟੀ ਦਾ ਪੁੱਛਿਆ। ਬਿੰਦਰ ਦੇ ਪੁੱਛਣ ਤੇ ਕਿਸ਼ਨ ਕੋਰ ਅੱਗੋ ਪਿਆਰ ਨਾਲ ਬੋਲੀ ," ਪੁੱਤ! ਮਨਪ੍ਰੀਤ ਨੂੰ ਆ ਲੈਣ ਦੇ,ਫਿਰ ਪਕਾ ਲਵੀ।" ਕਿੱਥੇ ਵਾਰ ਵਾਰ ਅੰਨ ਪਾਣੀ ਚ ਹੀ ਰੁੱਝੀ  ਰਹੇਗੀ। ਉਨ੍ਹਾਂ ਚਿਰ ਤੂੰ ਹੋਰ ਕੰਮ ਕਰ ਲੈ। ਹਾਂਜੀ ਮੰਮੀ ਜੀ,ਕਹਿੰਦੀ ਬਿੰਦਰ ਝਾੜੂ ਫੜ ਕੇ ਘਰ ਦੀ ਸਫਾਈ ਕਰਨ ਵਿਚ ਜੁੱਟ ਗਈ ।

ਉੱਧਰ ਜੋਤ ਹੁਣਾ ਦੀ ਬਸ ਵੀ ਸਕੂਲ ਪੁੱਜ ਗਈ ਅਤੇ ਸਾਰੇ ਬੱਚੇ ਬਸ ਵਿੱਚੋ ਉਤਰ ਕੇ ਆਪੋ ਆਪਣੀ ਕਲਾਸ ਵਿਚ ਚਲੇ ਗਏ। ਜੋਤ ਵੀ ਆਪਣੀ ਕਲਾਸ ਵਿਚ ਜਾ ਕੇ ਆਪਣੀ ਸਹੇਲੀ ਅਮਨਜੋਤ ਕੋਲ ਬੈਠ ਗਈ।ਅਮਨਜੋਤ ਨੇ ਜੋਤ ਨੂੰ ਕੱਲ ਸਕੂਲ ਨਾ ਆਉਣ ਦਾ ਕਾਰਨ ਪੁੱਛਿਆ ," ਜੋਤ ਨੇ ਨਾ ਚਾਹੁੰਦੇ ਹੋਏ ਵੀ ,ਅਮਨ ਨੂੰ ਝੂਠ ਬੋਲ ਦਿੱਤਾ ਕਿ ਮੈਂ ਬਿਮਾਰ ਸੀ ਤਾਂ ਨਹੀਂ ਆਈ ਸਕੂਲ।"

ਇਨ੍ਹੇ ਨੂੰ ਜੋਤ ਦੇ ਕਲਾਸ ਵਿੱਚ ਉਨ੍ਹਾਂ ਦੇ ਅਕਾਂਊਟ ਵਾਲੇ ਅਧਿਆਪਕ ਦਾਖਲ ਹੋਏ ਅਤੇ ਉਨ੍ਹਾਂ ਬੱਚਿਆਂ ਨੂੰ ਸੰਬੋਧਨ ਕੀਤਾ ਕਿ," ਤੁਹਾਡੇ ਪੇਪਰ ਅਗਲੇ ਮਹੀਨੇ ਸ਼ੁਰੂ ਹਨ ਅਤੇ ਤੁਹਾਡੀ ਡੇਟਸ਼ੀਟ ਬਾਹਰ ਨੋਟਿਸ ਬੋਰਡ ਤੇ ਲੱਗ ਚੁੱਕੀ ਹੈ। ਸਾਰਿਆਂ ਨੇ ਨੋਟ ਕਰ ਲੈਣੀ।ਅੱਜ ਤੋਂ ਹੀ ਸਭ ਵਿਦਿਆਰਥੀ ਪੜ੍ਹਨਾ ਸ਼ੁਰੂ ਕਰ ਦੇਵੋ।ਇਸ ਲਈ ਜੇ ਕਿਸੇ ਨੂੰ ਕਿਸੇ ਚੈਪਟਰ ਵਿਚ ਕੋਈ ਸਮੱਸਿਆ ਹੈ ਤਾਂ ਪੁੱਛ ਸਕਦਾ ਹੈ।" ਤੁਹਾਡੀਆਂ ਕਲਾਸਾਂ ਸਿਰਫ ਆਹ ਪੰਦਰਾਂ ਦਿਨ ਹੀ ਲੱਗਣੀਆਂ ਨੇ। ਫਿਰ ਪ੍ਰਿੰਸੀਪਲ ਮੇਮ ਦਾ ਆਰਡਰ ਹੈ ਕਿ ਤੁਹਾਨੂੰ ਫ੍ਰੀ ਕਰ ਦੇਣਾ ਹੈ।

ਫਿਰ ਵਾਰੋ ਵਾਰੀ ਜਿਸ ਬੱਚੇ ਨੂੰ ਜਿਸ ਚੈਪਟਰ ਵਿਚ ਕੁੱਝ ਨਹੀਂ ਸੀ ਆਉਂਦਾ ,ਉਹ ਅਧਿਆਪਕ ਤੋਂ ਸਮਝਣ ਲਈ ਚਲੇ ਜਾਂਦੇ।" ਅਮਨ ਅਤੇ ਜੋਤ ਵੀ ਇੱਕ ਦੂਜੇ ਨਾਲ ਪੇਪਰਾਂ ਦੀ ਤਿਆਰੀ ਸਬੰਧੀ ਸਲਾਹ ਕਰਨ ਲੱਗ ਗਈਆਂ। ਚਾਰ ਲੈਕਚਰ ਤੋਂ ਬਾਅਦ ਰੀਸੈਸ ਹੋ ਗਈ ਅਤੇ ਸਾਰੇ ਬੱਚੇ ਆਪਣਾ ਆਪਣਾ ਟਿੱਫਣ ਕੱਢ ਕੇ ਖਾਣਾ ਖਾਣ ਲੱਗ ਗਏ। ਰੀਸੈਸ ਖ਼ਤਮ ਹੋਣ ਤੋਂ ਬਾਅਦ ਫਿਰ ਇੱਦਾਂ ਹੀ ਸਾਰਾ ਦਿਨ ਲੈਕਚਰ ਲੱਗਦੇ ਰਹੇ ਅਤੇ ਸਾਰੇ ਅਧਿਆਪਕ ਬੱਚਿਆਂ ਨੂੰ ਨਾ ਆਉਂਦੇ ਪ੍ਰਸ਼ਨ ਸਮਝਾਉਂਦੇ ਰਹੇ ।

ਸਾਰੇ ਲੈਕਚਰ ਲੱਗਣ ਤੋਂ ਬਾਅਦ ਛੁੱਟੀ ਹੋ ਗਈ ਅਤੇ ਸਾਰੇ ਬੱਚੇ ਬੈਗ ਚੁੱਕ ਕੇ ਅਾਪੋ ਆਪਣੀ ਬਸ ਵੱਲ ਨੂੰ ਚੱਲ ਪਏ। ਜੋਤ ਵੀ ਬਸ ਵਿੱਚ ਬੈਠ ਕੇ ਆਪਣੇ ਭਰਾ ਅਤੇ ਭੈਣ ਦਾ

ਇੰਤਜਾਰ ਕਰਨ ਲੱਗੀ। ਥੋੜੀ ਦੇਰ ਨੂੰ ਗੁਰਨਾਜ਼ ਅਤੇ ਗੁਰਬਾਜ ਵੀ ਆ ਕੇ ਬਸ ਵਿੱਚ ਬੈਠ ਗਏ।ਕੁੱਝ ਸਮੇ ਬਾਅਦ ਜਦੋ ਸਾਰੇ ਬੱਚੇ ਬਸ ਵਿੱਚ ਆ ਗਏ ਤਾਂ ਬਸ ਚੱਲ ਪਈ।

ਸ਼ਾਮ 3:30 ਵਜੇ ਤੱਕ ਜੋਤ ਹੁਣਾ ਦੀ ਬੱਸ ਉਨ੍ਹਾਂ ਦੇ ਘਰ ਅੱਗੇ ਪੁਹੰਚ ਗਈ ਅਤੇ ਬੱਸ ਚੋਂ ਉਤਰ ਕੇ  ਜੋਤ ਨੇ ਆਪਣੇ ਘਰ ਦੀ ਡੋਰ ਬੈੱਲ ਵਜਾਈ ਅਤੇ ਬੈੱਲ ਦੇ ਅਵਾਜ ਸੁਣਦੇ ਹੀ ਮਨਪ੍ਰੀਤ ਗੇਟ ਖੋਲਣ ਲਈ ਭੱਜਾ ਆਇਆ। ਗੁਰਬਾਜ ਆਪਣੇ ਪਾਪਾ ਨੂੰ ਦੇਖ ਕੇ ਉਨ੍ਹਾਂ ਦੀ ਗੋਦੀ ਚੜ੍ਹ ਗਿਆ। ਸਾਰੇ ਜਾਣੇ ਅੰਦਰ ਚਲੇ ਗਏ ਅਤੇ ਬੈਗ ਇੱਕ ਪਾਸੇ ਮੇਜ ਤੇ ਰੱਖ ਦਿੱਤੇ।ਬਿੰਦਰ ਨੇ ਆਪਣੇ ਤਿੰਨਾਂ ਬੱਚਿਆਂ ਨੂੰ ਪਾਣੀ ਦਿੱਤਾ ਅਤੇ ਬੋਲੀ ਕਿ," ਜਾਓ ,ਪਹਿਲਾ ਜਾ ਕੇ,ਸਾਰੇ ਜਾਣੇ ਕੱਪੜੇ ਬਦਲ ਕੇ ਆਓ।" ਮੈਂ ਥਾਲੀਆਂ ਚ ਰੋਟੀ ਪਾਉਂਦੀ ਹਾਂ,ਉਨ੍ਹੇ ਸਮੇ ਤੱਕ।

ਸਾਰੇ ਜਾਣੇ ਕੱਪੜੇ ਬਦਲ ਕੇ,ਆ ਕੇ ਮੰਜੇ ਤੇ ਬੈਠ ਗਏ। ਬਿੰਦਰ ਨੇ ਸਭ ਨੂੰ ਰੋਟੀ ਫੜਾਈ। ਇਨ੍ਹੇ ਨੂੰ ਜੋਤ ਦੱਸਣ ਲੱਗ ਗਈ ਕਿ," ਪਾਪਾ ਮੇਰੇ ਪੇਪਰਾਂ ਦੀ ਡੇਟਸ਼ੀਟ ਆ ਗਈ ਹੈ ਅਤੇ ਅਗਲੇ ਮਹੀਨੇ ਦੀ 15 ਤੋਂ ਮੇਰੇ ਪੇਪਰ ਸ਼ੁਰੂ ਹਨ।"
ਇਹ ਸੁਣਦੇ ਹੀ ਬਿੰਦਰ ਝੱਟਪਟ ਜੋਤ ਨੂੰ ਬੋਲੀ ਕਿ," ਪੁੱਤ,ਫਿਰ ਤੂੰ ਘਰ ਦਾ ਕੋਈ ਕੰਮ ਨਹੀਂ ਕਰਨਾ,ਮੈਂ ਆਪੇ ਹੀ ਸਭ ਕੰਮ ਕਰ ਲਵਾਂਗੀ।"

ਤੂੰ ਬਸ ਆਪਣੇ ਪੇਪਰਾਂ ਦੀ ਤਿਆਰੀ ਵੱਲ ਧਿਆਨ ਦੇ।

ਇਸ ਤੋਂ ਪਹਿਲਾ ਕੇ ਬਿੰਦਰ ਅੱਗੇ ਕੁਝ ਬੋਲਦੀ,ਮਨਪ੍ਰੀਤ ਵਿੱਚੋ ਹੀ ਗੱਲ ਕੱਟਦੇ ਹੋਏ ਬੋਲਿਆ ," ਪਹਿਲਾ ਰੋਟੀ ਤਾਂ ਖਾ ਲੋ ,ਅਰਾਮ ਨਾਲ,ਫਿਰ ਗੱਲਾਂ ਕਰ ਲਿਆ ਜੇ।"

ਰੋਟੀ ਖਾਣ ਤੋਂ ਬਾਅਦ ਜੋਤ ਨੇ ਸਾਰੇ ਭਾਂਡੇ ਚੁੱਕ ਕੇ ਰਸੋਈ ਵਿੱਚ ਰੱਖ ਦਿੱਤੇ। ਬਿੰਦਰ ਨੇ ਜੋਤ ਨੂੰ ਕੁੱਝ ਚਿਰ ਅਰਾਮ ਕਰਨ ਨੂੰ ਬੋਲ ਆਪ ਰਸੋਈ ਚ ਭਾਂਡੇ ਮਾਂਜਣ ਚਲੇ ਗਈ। ਜੋਤ ਦੇ ਛੋਟੇ ਭੈਣ ਭਰਾ ਆਪਸ ਵਿਚ ਖੇਡਣ ਲੱਗ ਗਏ।

ਜੋਤ ਜਾ ਕੇ ਕਿਸ਼ਨ ਕੌਰ ਕੋਲ ਬੈਠ ਕੇ ਗੱਲਾਂ ਕਰਨ ਲੱਗੀ। ਕਿਸ਼ਨ ਕੌਰ ਦਾ ਜੋਤ ਨਾਲ ਬਹੁਤ ਮੋਹ ਸੀ ਅਤੇ ਜੋਤ ਦਾ ਸਿਰ ਵੀ ਦਰਦ ਕਰੇ ਤਾਂ ਉਸਨੂੰ ਚਿੰਤਾ ਹੋ ਜਾਂਦੀ ਸੀ। ਇਹੀ ਵਤੀਰਾ ਜੋਤ ਦੀ ਮੰਮੀ ਬਿੰਦਰ ਦਾ ਜੋਤ ਪ੍ਰਤੀ ਸੀ। ਉਹ ਆਪਣੇ ਸਾਰੇ ਬੱਚਿਆਂ ਵਿੱਚੋ,ਸਭ ਤੋਂ ਜਿਆਦਾ ਜੋਤ ਦਾ ਮੋਹ ਕਰਦੀ ਸੀ ਪਰ ਮਨਪ੍ਰੀਤ ਆਪਣੇ ਸਭ ਬੱਚਿਆਂ ਨਾਲ,ਇਕੋ ਜਿਨ੍ਹਾਂ ਮੋਹ ਕਰਦਾ ਸੀ। ਇਸ ਦੇ ਉਲਟ ਜੋਤ ਦੇ ਛੋਟੇ ਭੈਣ ਭਰਾ ਦਾ ਆਪਣੇ ਪਾਪਾ ਨਾਲ ਅਤੇ ਜੋਤ ਦੀ ਜਾਨ ਆਪਣੀ ਮੰਮੀ ਵਿੱਚ ਵੱਸਦੀ ਸੀ।

ਜੇ ਕੀਤੇ ਜੋਤ ਦੇ ਨਾਨਕਿਆਂ ਨੇ ਜੋਤ ਨੂੰ,ਛੁੱਟੀਆਂ ਵਿੱਚ ਉਨ੍ਹਾਂ ਕੋਲ ਆ ਕੇ ਰਹਿਣ ਨੂੰ ਕਹਿਣਾ ਤਾਂ ਜੋਤ ਦਾ ਇਕੋ ਜਵਾਬ ਹੁੰਦਾ,"ਮੰਮਾ,ਨੂੰ ਵੀ ਰੱਖੋ,ਫਿਰ ਮੈਂ ਵੀ ਰਹਿ ਲਵਾਂਗੀ। ਜੋਤ,ਬਿੰਦਰ ਤੋਂ ਬਿਨਾਂ, ਕੀਤੇ ਵੀ ਇਕੱਲੀ ਜਾ ਕੇ ਰਾਜੀ ਨਹੀਂ ਸੀ ਅਤੇ ਨਾ ਹੀ ਬਿੰਦਰ ਦਾ ਦਿੱਲ ਕਰਦਾ ਸੀ,ਜੋਤ ਨੂੰ ਇਕੱਲੇ ਭੇਜਣ ਨੂੰ।

ਕਿਸ਼ਨ ਕੌਰ ਕੋਲ ਬੈਠ ਕੇ ,ਜੋਤ ਹਮੇਸ਼ਾ ਆਪਣੇ ਦਾਦੇ ਦੀਆਂ ਗੱਲਾਂ ਸੁਣਦੀ ਰਹਿੰਦੀ ਕਿਉਂਕਿ ਜੋਤ ਬਹੁਤ ਛੋਟੀ ਸੀ ਜਦੋ ਉਸਦੇ ਦਾਦਾ ਜੀ ਦੀ ਮੌਤ ਹੋ ਗਈ ਸੀ। ਜਦੋ ਉਹ ਦੂਜਿਆਂ ਬੱਚਿਆਂ ਤੋਂ ਉਨ੍ਹਾਂ ਦੇ ਦਾਦਾ ਜੀ ਬਾਰੇ ਸੁਣਦੀ ਤਾਂ ਉਸਦੇ ਦਿਲ ਵਿੱਚ ਆਪਣੇ ਦਾਦੇ ਬਾਰੇ ਜਾਣਨ ਦੀ ਉਤਸੁਕਤਾ ਵੱਧ ਜਾਂਦੀ। ਇਸ ਲਈ ਜਦੋ ਵੀ ਜੋਤ ਕੋਲ ਸਮਾਂ ਹੁੰਦਾ,ਉਹ ਕਿਸ਼ਨ ਕੌਰ ਕੋਲ ਬੈਠ ਕੇ ਆਪਣੇ ਦਾਦੇ ਦੀਆਂ ਗੱਲਾਂ ਸ਼ੋਹ ਲੈਂਦੀ।

ਅੱਜ ਵੀ ਜੋਤ ਨੇ ਕਿਸ਼ਨ ਕੌਰ ਕੋਲ ਬੈਠਦਿਆਂ ਹੀ ਫਿਰ ਆਪਣੇ ਦਾਦੇ ਦੀ ਗੱਲ ਛੇੜਦਿਆਂ ਹੋਇਆਂ ਬੋਲੀ, " ਹਾਂਜੀ ਬੀਜੀ,ਬਾਪੂ ਜੀ ਬਾਰੇ ਹੋਰ ਚਾਨਣਾ ਪਾਓ।"ਕਦੇ ਲੜਦੇ ਵੀ ਹੁੰਦੇ ਸੀ ਤੁਹਾਡੇ ਨਾਲ,ਕੇ ਨਹੀਂ।ਜਿਵੇਂ ਮੰਮੀ ਪਾਪਾ ਦੀ ਕਦੇ ਕਦੇ ਆਪਸ ਚ ਬਹਿਸ ਹੋ ਜਾਂਦੀ ਹੈ। ਨਾ ਪੁੱਤ ,ਤੇਰਾ ਦਾਦਾ ਤਾਂ ਬਹੁਤ ਸਾਓ ਸੀ ,ਕਦੇ ਨਹੀਂ ਲੜਿਆ ਮੇਰੇ ਨਾਲ, ਬੀਜੀ ਉਦਾਸ ਹੁੰਦੇ ਬੋਲੀ ।

ਜੋਤ ਨੇ ਜਦੋ ਬੀਜੀ ਦੇ ਚਿਹਰੇ ਦੀ ਉਦਾਸੀ ਪੜ੍ਹੀ ਤਾਂ ਉਹ ਗੱਲ ਨੂੰ ਹਾਸੇ ਵਿੱਚ ਟਾਲਦੇ ਹੋਏ ਬੋਲੀ ," ਬੀਜੀ,ਜਿਨ੍ਹਾਂ ਤੁਹਾਡੇ ਕੋਲੋਂ ਹੁਣ ਤੱਕ ਸੁਣਿਆ ਆ,ਬਾਪੂ ਜੀ ਤਾਂ ਮੈਨੂੰ ਸਾਓ,ਹੀ ਲੱਗਦੇ ਆ,ਮੈਂ ਤਾਂ ਤੁਹਾਡੀ ਗੱਲ ਕੀਤੀ ਆ।"ਤੁਸੀਂ ਲੜਦੇ ਸੀ ਕੇ ਨਹੀਂ,ਬਾਪੂ ਜੀ ਨਾਲ,ਇਨ੍ਹਾਂ ਕਹਿੰਦਿਆਂ ਜੋਤ ਹੱਸਣ ਲੱਗ ਗਈ।ਕਿਸ਼ਨ ਕੌਰ ਵੀ ਜੋਤ ਦੇ ਮੋਢੇ ਤੇ ਹਲਕੀ ਜਹੀ ਚਪੇੜ ਮਾਰ ਕੇ ਇਹ ਕਹਿੰਦੀ ਹੱਸ ਪਈ ਕਿ,"ਵੱਡੀ ਆਈ ਚਲਾਕੋ,ਜਿਆਦਾ ਨਹੀਂ ਗੱਲਾਂ ਆਉਣ ਲੱਗ ਗਈਆਂ ਤੈਨੂੰ ਹੁਣ।

ਇਨ੍ਹੇ ਨੂੰ ਬਿੰਦਰ ਵੀ ਗੋਬੀ ਆਲੂ,ਛਿੱਕੂ ਚ ਲੈ ਕੇ ਉਨ੍ਹਾਂ ਕੋਲ ਆ ਕੇ ਬੈਠ ਗਈ ਅਤੇ ਜੋਤ ਨੂੰ ਬੋਲੀ ਕਿ,"ਪੁੱਤ!ਹੁਣ ਥੋੜਾ ਪੜ੍ਹ ਲੈ।" ਨਾਲੇ 4 ਵੱਜ ਗਏ ਆ,ਗੁਰਨਾਜ਼ ਅਤੇ ਗੁਰਬਾਜ ਨੂੰ ਵੀ ਟਿਓੁਸ਼ਨ ਜਾਣ ਲਈ ਕਹਿ,ਨਹੀਂ ਤਾਂ ਇਨ੍ਹਾਂ ਨੇ ਲੇਟ ਹੋ ਜਾਣਾ ਹੈ। ਬਿੰਦਰ ਅਤੇ ਕਿਸ਼ਨ ਕੌਰ ਬੈਠ ਕੇ ਆਪਸ ਚ ਗੱਲਾਂ ਕਰਨ ਲੱਗ ਗਈਆਂ। ਇਨ੍ਹੇ ਨੂੰ ਮਨਪ੍ਰੀਤ ਹੁਣਾ ਨੇ ਰੱਖਿਆ ਸੀਰੀ(ਮਿੰਟੂ) ਆ ਗਿਆ,ਚਾਹ ਲੈਣ ਲਈ। ਕਿਸ਼ਨ ਕੌਰ ਸੀਰੀ ਨੂੰ ਦੇਖਦੇ ਹੋਏ ਬਿੰਦਰ ਨੂੰ ਬੋਲੀ ਕਿ ," ਜਾ ਧੀਏ!ਤੂੰ ਇਸਨੂੰ ਰੋਟੀ ਅਤੇ ਚਾਹ ਪਾ ਕੇ ਦੇ,ਸਬਜ਼ੀ ਮੈਂ ਕੱਟ

ਦਿੰਦੀ ਹਾਂ।"  ਅੱਜ ਖੇਤਾਂ ਵਿੱਚ ਕੰਮ ਜਿਆਦਾ ਹੋਣ ਕਰਕੇ ਸੀਰੀ ਰੋਟੀ ਖਾਣ,ਘਰ ਲੇਟ ਆਇਆ ਬਿੰਦਰ ਉੱਠ ਕੇ ਸੀਰੀ ਨੂੰ ,ਰੋਟੀ ਫੜਾਉਂਣ ਚਲੇ ਗਈ।

ਗੁਰਬਾਜ ਅਤੇ ਗੁਰਨਾਜ਼ ਆਪਣਾ ਬਸਤਾ ਚੁੱਕ ਟਿਓੂਸ਼ਨ ਨੂੰ ਤੁਰ ਪਏ । ਜੋਤ ਵੀ ਕਮਰੇ ਚ ਬੈਠ ਕੇ ਆਪਣਾ ਪੜ੍ਹਨ ਲੱਗ ਗਈ।  ਮਨਪ੍ਰੀਤ ਵੀ ਬਾਲਟੀ ਚੁੱਕ ,ਮੱਝਾਂ ਦੀਆਂ ਧਾਰਾ ਕੱਢਣ,ਹਵੇਲੀ ਨੂੰ ਤੁਰ ਪਿਆ।

ਸੀਰੀ ਨੂੰ ਰੋਟੀ ਦੇ ਕੇ,ਬਿੰਦਰ ਪਿਆਜ਼ ਲੈ ਕੇ ਕਿਸ਼ਨ ਕੋਰ ਕੋਲ ਆ ਕੇ ਮੁੜ ਬੈਠ ਗਈ ਅਤੇ ਦੂਜੀ ਕਰਦ ਨਾਲ ਪਿਆਜ਼ ਛਿੱਲਣ ਲੱਗ ਗਈ।

ਇੰਨ੍ਹੇ ਨੂੰ ਫੋਨ ਦੀ ਬੈੱਲ ਵੱਜੀ ਤਾਂ ਜੋਤ ਫੋਨ ਲੈ ਕੇ ਬਿੰਦਰ ਕੋਲ ਭੱਜੀ ਆਈ। ਮੰਮਾ, ਆ ਲੋ ਫੋਨ ਆਇਆ।ਜਦੋ ਬਿੰਦਰ ਨੇ ਫੋਨ ਦੀ ਸਕਰੀਨ ਤੇ ਦੇਖਿਆ ਤਾਂ ਫੋਨ ਪਰਮਜੀਤ ਦਾ ਸੀ

।

ਬਿੰਦਰ ਨੇ ਫੋਨ ਚੱਕਦੇ ਸਰ ਬੋਲੀ ," ਸਤਿ ਸ਼੍ਰੀ ਅਕਾਲ ਦੀਦੀ।"

ਪਰਮਜੀਤ ਨੇ ਅੱਗੋਂ ਹੱਸਦੇ ਹੋਏ ਜਵਾਬ ਦਿੰਦੀ ਹੋਈ ਬੋਲੀ ," ਸਤਿ ਸ਼੍ਰੀ ਅਕਾਲ ਬਿੰਦਰ ,

ਕਿਵੇਂ ਆ...?ਅਤੇ ਪਰਿਵਾਰ ਕਿਵੇਂ ਆ ਸਾਰਾ..?"

ਬਿੰਦਰ :- ਸਾਰੇ ਠੀਕ ਨੇ,ਤੁਸੀਂ ਸੁਣਾਓ,ਤੁਹਾਡੇ ਕਿਵੇਂ ਨੇ ਸਭ?

ਪਰਮਜੀਤ :- ਸਭ ਵਧੀਆ,ਅਸੀਂ ਅੱਜ ਦਿੱਲੀ ਜਾ ਰਹੇ ਹਾਂ,ਕੱਲ ਸਵੇਰੇ ਦੀ ਸਾਡੀ ਫਲਾਈਟ ਆ । ਮੈਂ ਸੋਚਿਆ ਫੋਨ ਹੀ ਕਰ ਲਵਾਂ।

ਬਿੰਦਰ :- ਵਧੀਆ ਕੀਤਾ,ਦੀਦੀ!

ਅਸੀਂ ਵੀ ਕਰਨਾ ਸੀ,ਬਸ ਬੱਚਿਆਂ ਚ ,ਸਮੇ ਦਾ ਪਤਾ ਨਹੀਂ ਲੱਗਦਾ। ਇੱਕ ਗੁਰਨਾਜ਼ ਅਤੇ ਗੁਰਬਾਜ਼ ਦੇ ਵੀ ਪੇਪਰ ਹੋ ਰਹੇ ਆ ,ਉਨ੍ਹਾਂ ਵੱਲ ਵੀ ਧਿਆਨ ਦੇਣਾ ਪੈਦਾਂ।

ਪਰਮਜੀਤ:- ਚੱਲ ਕੋਈ ਨਾ,ਤੂੰ ਕਰ ਲਿਆ ਮੈਂ ਕਰ ਲਿਆ ,ਇਕੋ ਗੱਲ ਹੀ ਆ। ਹੋਰ ਮਾਸੀ ਜੀ ਕਿਵੇਂ ਆ ?

ਬਿੰਦਰ :- ਠੀਕ ਨੇ ਉਹ ਵੀ । ਮੇਰੇ ਕੋਲ ਹੀ ਬੈਠੇ ਹਨ ।

ਤੁਸੀਂ ਸੁਣਾਓ ,ਤੁਹਾਡੀ ਤਿਆਰੀ ਹੋ ਗਈ ਸਾਰੀ।

ਪਰਮਜੀਤ:- ਹਾਂ,ਬਿੰਦਰ ਹੋ ਗਈ ਸਾਰੀ। ਬਸ ਰੋਟੀ ਖਾ ਕੇ ਨਿਕਲ ਜਾਣਾ,ਏਅਰਪੋਰਟ ਲਈ। ਹੋਰ,ਸਾਡੀ ਧੀ ਦਾ ਕੀ ਹਾਲ ਚਾਲ ਆ ?

ਬਿੰਦਰ :- ਵਧੀਆ ਦੀਦੀ,ਓਹਦੇ ਪੇਪਰ ਸ਼ੁਰੂ ਨੇ ਅਗਲੇ ਮਹੀਨੇ ਤੋਂ,ਪੜ੍ਹ ਰਹੀ ਹੈ ਅੰਦਰ। ਕਰਾਵਾਂ ਗੱਲ, ਜੇ ਤੁਸੀਂ ਕਰਨੀ ਹੈ...?

ਪਰਮਜੀਤ :- ਨਹੀਂ ਚੱਲ ਰਹਿਣ ਦੇ,ਪੜ੍ਹ ਲੈਣ ਦੇ ਜੋਤ ਨੂੰ।ਬੱਸ ਮੇਰਾ ਪਿਆਰ ਦੇਵੀ ਸਾਡੀ ਧੀ ਰਾਣੀ ਨੂੰ।ਚੱਲ ਠੀਕ ਆ ਫਿਰ,ਕੈਨੇਡਾ ਪਹੁੰਚ ਕੇ ਕਾਲ ਕਰੂ ਤੈਨੂੰ।

ਬਿੰਦਰ :- ਠੀਕ ਆ, ਦੀਦੀ ਕਹਿੰਦਿਆਂ ਬਿੰਦਰ ਨੇ ਫੋਨ ਕੱਟ ਦਿੱਤਾ।
ਕਿਸ਼ਨ ਕੌਰ ਬਿੰਦਰ ਦੀਆਂ ਗੱਲਾਂ ਸੁਣ ਕੇ ਬੋਲੀ ," ਜੇ ਉਹ ਕਹਿੰਦੇ ਸੀ ਤਾਂ ਗੱਲ ਕਰਵਾ ਦੇਣੀ ਸੀ,ਜੋਤ ਨਾਲ।" ਅਗਲੇ ਸੋਚਣ ਨਾਲ ਵੀ ਇਹ ਜਿਆਦਾ ਹੀ ਇੱਦਾ ਪੁਗਾ ਰਹੇ ਨੇ।

ਨਹੀਂ ਮੰਮੀ ਜੀ,ਜੋਤ ਜਿੰਨ੍ਹੀ ਗੱਲ ਘੱਟ ਕਰੂ ,ਵਧੀਆ ਆ।

ਜੋਤ ਆਪਣੀ,ਇੰਨ੍ਹੀ ਚਲਾਕ ਨਹੀਂ ਆ। ਐਵੇ ਉਸਦੇ ਮੂੰਹੋ ਕੋਈ ਗੱਲ ਨਿਕਲ ਜੇ ਅਤੇ ਵਿਆਹ ਤੋਂ ਬਾਅਦ,ਉਸਨੂੰ ਕੋਈ ਗੱਲ ਸੁਣਾਵੇ ਤਾਂ ਮੇਰੇ ਤੋਂ ਸਹਿਣ ਨਹੀਂ ਹੋਣਾ। ਜਦੋ ਜਿਆਦਾ ਗੱਲਾਂ ਹੋਣ ਲਗ ਜਾਣ ਤਾਂ ਮੂਹੋ ਕਦੋ ਕੋਈ ਗੱਲ ਨਿਕਲ ਜਾਵੇ ਪਤਾ ਨਹੀਂ ਲਗਦਾ ਅਤੇ ਕੱਚੇ ਰਿਸ਼ਤਿਆਂ ਚ ਫੋਨ ਤੇ ਗੱਲਾਂ ਜਿਨਹੀਆ ਘੱਟ ਹੋਣ ਉਨ੍ਹਾਂ ਹੀ ਵਧੀਆ ਹੈ।

ਮੈਂ ਨਹੀਂ ਚਾਹੁੰਦੀ ਕਿ ਮੇਰੀ ਧੀ, ਕਿਸੇ ਵੀ ਗੱਲੋਂ,ਉਨ੍ਹਾਂ ਦੀਆਂ ਅੱਖਾਂ ਚ ਆਵੇ। ਕਦੀ ਕਦੀ ਕਰ ਲਿਆ ਕਰੇਗੀ,ਜੋਤ ਗੱਲ। ਚਾਹੇ ਮੰਮੀ,ਉਹ ਮੇਰੇ ਰਿਸ਼ਤੇਦਾਰ ਨੇ, ਪਰ ਕਈ ਵਾਰ ਨਿੱਕੀਆਂ ਨਿੱਕੀਆਂ ਗੱਲਾਂ ਰਿਸ਼ਤੇ ਚ ਵਿੱਥ ਪਾ ਦਿੰਦੀਆਂ ਨੇ।

ਨਾਲੇ ਅਜੇ,ਵਿਆਹ ਨੂੰ ਬਹੁਤ ਦੇਰ ਆ ।

ਕਿਸ਼ਨ ਕੌਰ ਨੂੰ ਬਿੰਦਰ ਦੀ ਗੱਲ ਦਿਲ ਨੂੰ ਜਚ ਗਈ ਅਤੇ ਉਸਨੇ ਬਿੰਦਰ ਦੀ ਗੱਲ ਵਿੱਚ ਸਹਿਮਤੀ ਪ੍ਰਗਟਾਈ।

ਮਨਪ੍ਰੀਤ ਨੇ ਵੀ ਧਾਰਾਂ ਕੱਢ ਕੇ,ਦੁੱਧ ਵਾਲੀ ਬਾਲਟੀ ਰਸੋਈ ਚ ਰੱਖ ਦਿੱਤੀ ਅਤੇ ਕੁਰਸੀ ਲੈ ਕੇ ਬਿੰਦਰ ਹੁਣਾਂ ਕੋਲ ਬੈਠ ਕੇ ਗੱਲਾਂ ਕਰਨ ਲੱਗਾ।ਗੱਲਾਂ ਕਰਦੇ ਕਰਦੇ ਸਬਜ਼ੀ ਵੀ ਕੱਟੀ ਗਈ ਅਤੇ ਬਿੰਦਰ ਸਬਜ਼ੀ ਵਾਲਾ ਭਾਂਡਾ ਚੱਕ ਰਸੋਈ ਚ ਅੰਦਰ ਬਣਾਉਣ ਲਈ ਲੈ ਗਈ। 6 ਕੁ ਵਜੇ ਗੁਰਨਾਜ਼ ਅਤੇ ਗੁਰਬਾਜ਼ ਵੀ ਟਿਉਸ਼ਨ ਪੜ੍ਹ ਕੇ ਆ ਗਏ।

ਰਾਤ ਨੂੰ ਸਭ ਨੇ ਰੋਟੀ ਖਾਧੀ ਅਤੇ ਦੁੱਧ ਪੀ ਕੇ ਆਪਣੇ ਆਪਣੇ ਕਮਰੇ ਚ ਸੌਣ ਚਲੇ ਗਏ।

ਥੋੜ੍ਹੇ ਦਿਨ ਸਕੂਲ ਲੱਗਣ ਤੋਂ ਬਾਅਦ,ਜੋਤ ਹੁਣਾਂ ਨੂੰ ਵੀ ਸਕੂਲ ਵਲੋਂ ਫ੍ਰੀ ਕਰ ਦਿੱਤਾ। ਹੁਣ ਗੁਰਬਾਜ ਅਤੇ ਗੁਰਨਾਜ਼ ਹੀ ਸਕੂਲ ਜਾਂਦੇ ਸਨ ਕਿਓਂਕਿ ਉਨ੍ਹਾਂ ਦੇ ਫਾਈਨਲ ਪੇਪਰ ਹੋ

ਰਹੇ ਸਨ। ਜੋਤ ਘਰ ਰਹਿ ਕੇ ਆਪਣੇ ਪੇਪਰਾਂ ਦੀ ਤਿਆਰੀ ਕਰਦੀ । ਬਿੰਦਰ ਜੋਤ ਨੂੰ ਘਰ ਦਾ ਕੋਈ ਵੀ ਕੰਮ ਕਰਨ ਨਹੀਂ ਸੀ ਦਿੰਦੀ। ਬਿੰਦਰ ਨੂੰ ਬਸ ਇਹੀ ਸੀ ਕੇ ਜੋਤ ਆਪਣਾ ਪੂਰਾ ਧਿਆਨ ਪੜ੍ਹਾਈ ਤੇ ਲਗਾਏ। ਇਸ ਲਈ ਗੁਰਨਾਜ਼ ਅਤੇ ਗੁਰਬਾਜ਼ ਨੂੰ ਵੀ ਉਸ ਕਮਰੇ ਚ ਨਹੀਂ ਜਾਣ ਦਿੰਦੀ ਸੀ ਜਿੱਥੇ ਜੋਤ ਬੈਠ ਕੇ ਪੜ੍ਹਦੀ ਸੀ।

ਗੁਰਨਾਜ਼ ਤਾਂ ਕਈ ਵਾਰ ਗੁੱਸੇ ਚ ਕਹਿ ਵੀ ਦਿੰਦੀ," ਮੰਮਾ,ਤੁਸੀਂ ਦੀਦੀ ਨੂੰ ਜਿਆਦਾ ਪਿਆਰ ਕਰਦੇ ਹੋ।" ਮੈਨੂੰ ਨਹੀਂ ਕਰਦੇ। ਪਰ ਬਿੰਦਰ ਪਿਆਰ ਨਾਲ ਸਮਝਾ ਦਿੰਦੀ ਕਿ," ਪੁੱਤ,ਦੀਦੀ ਤੇਰੀ ਵੱਡੀ ਕਲਾਸ ਚ ਆ।" ਉਸਦੇ ਪੇਪਰ ਹਨ,ਹੁਣ । ਜੇ ਤੁਸੀਂ ਵਾਰ ਵਾਰ,ਉਸ ਕੋਲ ਜਾ ਕੇ ਉਸਨੂੰ ਤੰਗ ਕਰੋਗੇ ਤਾਂ ਉਹ ਕਿਵੇਂ ਪੜ੍ਹੇਗੀ..? ਤੁਸੀਂ ਤਾਂ ਅਜੇ ਛੋਟੀ ਕਲਾਸ ਵਿੱਚ ਹੋ । ਠੀਕ ਆ ਮੰਮੀ,ਫਿਰ ਮੈਂ ਖੇਡਣ ਲੱਗੀ ਹਾਂ, ਇਨ੍ਹਾਂ ਕਹਿ ਕੇ,ਫਿਰ ਗੁਰਨਾਜ਼ ਗੁਰਬਾਜ਼ ਨਾਲ ਖੇਡਣ ਲੱਗ ਗਈ।

ਅੱਜ ਜੋਤ ਦਾ ਪਹਿਲਾ ਪੇਪਰ ਮੈਥ ਦਾ ਸੀ। ਜੋਤ ਨੇ ਸਵੇਰੇ ਉੱਠ ਕੇ,ਨਹਾ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਅਤੇ ਫਿਰ ਆਪਣੀ ਮੰਮੀ ਬਿੰਦਰ ਨਾਲ,ਗੁਰੂਘਰ ਮੱਥਾ ਟੇਕਣ ਚਲੇਗੀ। ਗੁਰੂਘਰ ਤੋਂ ਆ ਕੇ,ਬਿੰਦਰ ਨੇ ਆਪਣੇ ਤਿੰਨਾਂ ਬੱਚਿਆਂ ਲਈ ਰੋਟੀ ਪਕਾਈ । ਜੋਤ,ਗੁਰਬਾਜ਼ ਅਤੇ ਗੁਰਨਾਜ਼ ਦੇ ਨਾਲ ਹੀ ਸਕੂਲ ਬਸ ਵਿੱਚ ਸਕੂਲ ਚਲੇਗੀ। ਚਾਹੇ ਉਸਦਾ ਪੇਪਰ ਥੋੜਾ ਲੇਟ ਸ਼ੁਰੂ ਸੀ ਪਰ ਉਸਨੇ ਸੋਚਿਆ ਕਿ ਸਕੂਲ ਜਾ ਕੇ,ਉਹ ਇੱਕ ਵਾਰ ਜਰੂਰੀ ਸਵਾਲਾਂ ਤੇ ਨਿਗ੍ਹਾ ਮਾਰ ਲਵੇਗੀ।

ਸਕੂਲ ਪਹੁੰਚ ਕੇ ਜੋਤ ਆਪਣੀ ਸਹੇਲੀ ਅਮਨ ਕੋਲ ਚਲੇ ਗਈ ਜੋ ਕੇ ਗ੍ਰਾਉਂਡ ਚ ਲੱਗੇ ਬੈਂਚ ਤੇ ਬੈਠ ਕੇ,ਜੋਤ ਦਾ ਹੀ ਇੰਤਜ਼ਾਰ ਕਰ ਰਹੀ ਸੀ।

ਜੋਤਃ ( ਅਮਨ ਵੱਲ ਹੱਥ ਕਰਦਿਆਂ) ਹੈਲੋ ਅਮਨ

ਅਮਨ: ਹੈਲੋ ਜਨਾਬ( ਅਮਨ ਨੇ ਆਪਣੇ ਸੱਜੇ ਹੱਥ ਨਾਲ ਜੋਤ ਦਾ ਸੱਜਾ ਹੱਥ ਮਿਲਾਉਂਦਿਆ ਬੋਲੀ ) ਕਿੱਦਾਂ ਫਿਰ,ਤਿਆਰੀ ਆ ਪੂਰੀ...?

ਜੋਤ: ਤਿਆਰੀ ਤਾਂ ਹੈ ਪਰ ....ਇਹ ਤਾਂ ਪੇਪਰ ਤੇ ਨਿਰਭਰ ਕਰਦਾ ਹੈ ਕਿ ਕਿਵੇਂ ਦਾ ਆਉਂਦਾ ਆ ?

ਅਮਨ : ਉਹ ਤਾਂ ਤੂੰ ਸਹੀ ਕਿਹਾ l ਪਰ,ਤੂੰ ਤਾਂ ਮੈਥ ਚ ਬਹੁਤ ਹੁਸ਼ਿਆਰ ਹੈ,ਘਬਰਾਉਣਾ ਤਾਂ ਸਾਨੂੰ ਚਾਹੀਦਾ,ਜਿਨ੍ਹਾਂ ਦੇ ਸਿਰ ਤੋਂ ਉੱਪਰ ਜਾਂਦੇ ਨੇ ਮੈਥ ਦੇ ਫਾਰਮੂਲੇ।

ਜੋਤ : ਆਉਂਦਾ ਤਾਂ ਹੈ,ਪਰ ਕਈ ਵਾਰ ਸਵਾਲ ,ਸਲੇਬਸ ਤੋਂ ਬਾਹਰ ਆ ਜਾਂਦੇ ਨੇ,ਫਿਰ ਔਖਾ ਹੋ ਜਾਂਦਾ ਆ। ਚੱਲ ਤੂੰ ਛੱਡ ਵੇਖੀ ਜਾਊ,ਜੋ ਹੋਵੇਗਾ।

ਅਮਨ:- ਜੋਤ ਮੈਨੂੰ ਪ੍ਰੋਬਾਬਿਲਟੀ ਦੇ ਸਵਾਲ ਸਮਝਾ ਦੇ,ਥੋੜੀ ਜਹੀ ਉਲਝਣ ਆ।

ਜੋਤ : ਚੱਲ ਠੀਕ ਆ ,ਅਜੇ ਆਪਣੇ ਕੋਲ ਹੇਗਾ ਢੇਡ ਘੰਟਾ।

ਜੋਤ ਅਮਨ ਨੂੰ ਜਰੂਰੀ ਜਰੂਰੀ ਸਾਰੇ ਸਵਾਲ ਸਮਝਾ ਦਿੰਦੀ ਹੈ।

ਇੰਨ੍ਹੇ ਨੂੰ ਢੇਡ ਵੱਜ ਜਾਂਦਾ ਹੈ l ਜੋਤ ਅਮਨ ਨੂੰ ਕਹਿੰਦੀ ਹੈ,ਚੱਲ ਹੁਣ ਆਪਣਾ ਰੋਲ ਨੰਬਰ ਵੀ ਚੈੱਕ ਕਰੀਏ,ਕਿਹੜੇ ਕਮਰੇ ਦੇ ਬਾਹਰ ਲੱਗਾ ਹੈ..?

ਦੋਨੋ ਜਾਣੀਆਂ ਉੱਠ ਕੇ ਉਸ ਬਿਲਡਿੰਗ ਵੱਲ ਤੁਰ ਪੈਂਦੀਆਂ ਹਨ ,ਜਿਸ ਬਿਲਡਿੰਗ ਵਿੱਚ ਬਾਹਰਵੀਂ ਕਲਾਸ ਦੇ ਪੇਪਰ ਹੋਣੇ ਸਨ। ਦੋਨੋ ਆਪਣਾ ਆਪਣਾ ਰੋਲ ਨੰਬਰ ਚੈੱਕ ਕਰਦੀਆਂ ਹਨ ਅਤੇ ਦੋਨਾਂ ਦਾ ਰੋਲ ਨੰਬਰ ਹਾਲ ਦੇ ਬਾਹਰ ਲੱਗਿਆ ਹੁੰਦਾ ਹੈ l ਜੋਤ ਅਤੇ ਅਮਨ ਆਪਣਾ ਬੇਗ ਬਾਹਰ ਰੱਖ ਕੇ ਹਾਲ ਚ ਆਪਣੀ ਆਪਣੀ ਆਪਣੀ ਸੀਟ ਤੇ ਜਾ ਕੇ ਬੈਠ ਜਾਂਦੀਆਂ ਹਨ।

ਅਧਿਆਪਕ ਸਭ ਬੱਚਿਆਂ ਨੂੰ ਪੇਪਰ ਸ਼ੀਟ ਦਿੰਦੇ ਹਨ ਅਤੇ ਬਾਅਦ ਵਿਚ ਪ੍ਰਸ਼ਨ ਪੱਤਰ ਸਭ ਚ ਵੰਡੇ ਜਾਂਦੇ ਹਨ। ਸਾਰੇ ਬੱਚੇ ਆਪਣਾ ਆਪਣਾ ਪੇਪਰ ਕਰਨਾ ਸ਼ੁਰੂ ਕਰਦੇ ਹਨ। ਤਿੰਨ ਘੰਟੇ ਬਾਅਦ ਸਾਰੇ ਬੱਚੇ ਪੇਪਰ ਦੇ ਕੇ ਬਾਹਰ ਨਿਕਲਦੇ ਹਨ।

ਅਮਨ ਜੋਤ ਨੂੰ ਪੁੱਛਦੀ ਹੈ,"ਕਿ ਕਿਵੇਂ ਦਾ ਹੋਇਆ ਪੇਪਰ?"

ਜੋਤ ਖੁਸ਼ ਹੋ ਕੇ ਦੱਸਦੀ ਹੈ ਕੇ ਬਹੁਤ ਵਧੀਆ,ਲੱਗਭਗ ਸਾਰਾ ਪੇਪਰ ਆਉਂਦਾ ਸੀ । ਜੋਤ ਵਲੋਂ ਪੁੱਛਣ ਤੇ ਅਮਨ ਵੀ ਆਪਣਾ ਪੇਪਰ ਵਧੀਆ ਹੋਇਆ ਦੱਸਦੀ ਹੈ।

ਇੰਨ੍ਹੇ ਨੂੰ ਮਨਪ੍ਰੀਤ ਜੋਤ ਨੂੰ ਸਕੂਲ ਤੋਂ ਲੈਣ ਆ ਜਾਂਦੇ ਹਨ ਕਿਓਂਕਿ ਜੋਤ ਦੀ ਬਸ 2 ਵਜੇ ਚਲੇ ਜਾਣੀ ਸੀ ਅਤੇ ਜੋਤ ਦਾ ਪੇਪਰ ਲੇਟ ਖ਼ਤਮ ਹੋਣਾ ਸੀ ।

ਮਨਪ੍ਰੀਤ:- ਕਿਵੇਂ ਦਾ ਹੋਇਆ ਪੇਪਰ, ਜੋਤ ?

ਜੋਤ:- ਬਹੁਤ ਵਧੀਆ ,ਪਾਪਾ

ਚੱਲ ਫਿਰ ਚਲੀਏ ਘਰ,ਮਨਪ੍ਰੀਤ  ਮੋਟਰਸਾਈਕਲ ਸਟਾਰਟ ਕਰਦੇ ਹੋਏ ਕਹਿਣ ਲੱਗਾ।

ਹਾਂਜੀ ਪਾਪਾ  ਅਤੇ ਅਮਨ ਨੂੰ ,ਬਾਏ ਬੋਲ, ਜੋਤ ਮੋਟਰਸਾਈਕਲ ਮਗਰ ਬੈਠ ਜਾਂਦੀ ਹੈ ।

ਘਰ ਪਹੁੰਚਦੇ ਹੀ,ਬਿੰਦਰ ,ਚਿੰਤਾ ਚ ਜੋਤ ਨੂੰ ਪੁੱਛਦੀ ਹੈ," ਜੋਤ ਪੇਪਰ ਕਿਵੇਂ ਦਾ ਹੋਇਆ?

ਜੋਤ :- ਬਹੁਤ ਵਧੀਆ ਹੋਇਆ,ਮੰਮਾ ।ਚਿੰਤਾ ਨਾ ਕਰੋ,ਸਾਰਾ ਆਉਂਦਾ ਸੀ ਮੈਨੂੰ।

ਚੱਲ ਵਧੀਆ ਹੋਇਆ,ਕੱਪੜੇ ਬਦਲ, ਮੈਂ ਰੋਟੀ ਪਾਉਂਦੀ ਹਾਂ ਥਾਲੀ ਚ ,ਆ ਕੇ ਖਾ ਲੈ ।

ਓਕ ਮਾਤਾ ਸ਼੍ਰੀ,ਮਜਾਕ ਚ ਕਹਿੰਦੇ ਜੋਤ ,ਕਮਰੇ ਚ ਕੱਪੜੇ ਬਦਲਣ ਚਲੇਗੀ। ਜੋਤ ਨੂੰ ਰੋਟੀ ਖਵਾ ਕੇ,ਬਿੰਦਰ ਨੇ ਉਸਨੂੰ ਕੁੱਝ ਚਿਰ ਅਰਾਮ ਕਰਨ ਨੂੰ ਬੋਲ ਆਪ ਘਰ ਦੇ ਕੰਮ ਕਰਨ ਵੱਲ ਰੁੱਝ ਜਾਂਦੀ ਹੈ।

ਇੱਦਾਂ ਹੀ ਜੋਤ ਸਾਰੇ ਪੇਪਰ ਦੇ ਕੇ ਫ੍ਰੀ ਹੋ ਗਈ। ਜੋਤ ਦੇ ਸਾਰੇ ਪੇਪਰ ਬਹੁਤ ਵਧੀਆ ਹੋਏ। ਹੁਣ ਉਹ ਫ੍ਰੀ ਸੀ,ਜਿੰਨ੍ਹੇ ਸਮੇ ਤੱਕ ਉਸਦਾ ਬਾਹਰਵੀਂ ਦਾ ਨਤੀਜਾ ਨਹੀਂ ਆਉਂਦਾ। ਪਰ ਬਿੰਦਰ ,ਜੋਤ ਨੂੰ ਘਰ ਬਿਠਾਉਣ ਦੇ ਹੱਕ ਚ ਨਹੀਂ ਸੀ.....

ਇਸ ਲਈ ਨੇੜੇ ਹੀ ਸਲਾਈ ਸੈਂਟਰ ਦਾ ਪਤਾ ਕਰ,ਜੋਤ ਨੂੰ ਓਥੇ ਭੇਜਣਾ ਸ਼ੁਰੂ ਕਰ ਦਿੱਤਾ। ਜੋਤ ਨੇ ਬਹੁਤ ਮਨਾ ਕੀਤਾ ਕਿ," ਮੰਮਾ, ਮੈਂ ਨਹੀਂ ਸਿੱਖਣੀ ਸਿਲਾਈ । ਪਰ,ਬਿੰਦਰ ਦੇ ਸਮਝਾਉਂਣ ਤੇ ਕੀ ਪੁੱਤ,ਹੱਥਾਂ ਵਿੱਚ ਜਿਨ੍ਹਾਂ ਗੁੰਣ ਹੋਣ ,ਉਨ੍ਹਾਂ ਵਧੀਆ ਆ ।ਨਾਲੇ,ਤੂੰ ਕੀ ਕਰਨਾ ਘਰ ਬੈਠਕੇ । ਇਸੀ ਬਹਾਨੇ ਤੂੰ ਕੁੱਝ ਨਵਾਂ ਸਿਖੇਗੀ। ਬਿੰਦਰ ਦੇ ਸਮਝਾਉਂਣ ਤੇ ਜੋਤ ਹਰ ਰੋਜ ਸੈਂਟਰ ਸਲਾਈ ਸਿੱਖਣ ਜਾਣ ਲੱਗੀ। ਦੋ ਮਹੀਨੇ ਵਿੱਚ ਜੋਤ ਨੇ ਸੂਟਾਂ ਦੀ ਸਲਾਈ ਕਰਨੀ ਚੰਗੀ ਤਰ੍ਹਾਂ ਸਿੱਖ ਲਈ। ਉਸਨੇ 2 ਸੂਟ ਆਪਣੇ ਅਤੇ ਇੱਕ ਸੂਟ ਬਿੰਦਰ ਦਾ ਵੀ ਸਿਉਂ ਦਿੱਤਾ ਜੋ ਕੇ ਉਸਨੂੰ ਬਿੱਲਕੁਲ ਸਹੀ ਆਇਆ।

ਜੋਤ ਦੇ ਸਲਾਈ ਸਿੱਖਦਿਆਂ ਹੀ ਉਸਦਾ ਬਾਹਰਵੀਂ ਦਾ ਨਤੀਜਾ ਵੀ ਆ ਗਿਆ ।ਇਸ ਵਾਰ ਫਿਰ ਉਸਨੇ ਪੂਰੇ ਪੰਜਾਬ ਚ ਪਹਿਲਾ ਸਥਾਨ ਹਾਸਿਲ ਕੀਤਾ ਸੀ । ਜੋਤ ਦੇ ਬਾਹਰਵੀਂ ਚੋ,98% ਨੰਬਰ ਆਏ ਸਨ। ਬਿੰਦਰ ਨੇ ਪਰਮਜੀਤ ਨੂੰ ਫੋਨ ਕਰਕੇ,ਜੋਤ ਦੇ ਨਤੀਜੇ ਬਾਰੇ ਦੱਸਿਆ ਤਾਂ ਉਹ ਬਹੁਤ ਖੁਸ਼ ਹੋਏ। ਸਭ ਨੇ ਜੋਤ ਨੂੰ ਵਧਾਈ ਦਿੱਤੀ ।

ਅੱਗੋਂ ਦੀ ਪੜ੍ਹਾਈ ਲਈ ਜੋਤ ਨੇ B.COM ਕਰਨ ਦੀ ਇੱਛਾ ਜਾਹਿਰ ਕੀਤੀ । ਬਿੰਦਰ ਅਤੇ ਮਨਪ੍ਰੀਤ ਨੇ ਆਪਣੀ ਧੀ ਦੀ ਗੱਲ ਮੰਨਦੇ ਹੋਏ,ਆਪਣੀ ਧੀ ਦਾ ਦਾਖਲਾ ਲਾਇਲਪੁਰ ਖਾਲਸਾ ਕਾਲਜ ਫਾਰ ਵੂਮਨ,ਜਲੰਧਰ ਵਿੱਚ ਕਰਵਾ ਦਿੱਤਾ।

ਅੱਜ ਜੋਤ ਦਾ ਕਾਲਜ ਚ ਪਹਿਲਾ ਦਿਨ ਸੀ,ਪਰ ਉਹ ਥੋੜੀ ਚਿੰਤਾ ਵਿੱਚ ਵੀ ਸੀ ਕਿ ਕਾਲਜ ਚ ਕਿਵੇਂ ਦੇ ਵਿਦਿਆਰਥੀ ਹੋਣਗੇ...? ਅਤੇ ਉਸਦੀ ਕੋਈ ਦੋਸਤ ਬਣੇਗੀ,ਕੇ ਨਹੀਂ..? ਕਿਉਂ ਕਿ ਉਸਦੀ ਜਾਣ ਪਹਿਚਾਣ ਦਾ ਇਸ ਕਾਲਜ ਚ ਕੋਈ ਨਹੀਂ ਸੀ ਅਤੇ ਉਸਦੀ ਬੈਸਟ ਫਰੈਂਡ ਅਮਨ ਨੇ ਤਾਂ ਈਐਲਟਸ ਕਰ ਕੈਨੇਡਾ ਜਾਣ ਦਾ ਸੋਚ ਲਿਆ ਸੀ।ਪਰ ,ਜੋਤ ਚਿੰਤਾ ਦੇ ਨਾਲ ਨਾਲ ਖੁਸ਼ ਵੀ ਸੀ ਕਿ ਉਹ ਹੁਣ ਕਾਲਜ ਜਾਵੇਗੀ ਕਿਓਂਕਿ ਜੋਤ ਨੂੰ ਸ਼ੁਰੂ ਤੋਂ ਹੀ ਵੰਨ ਸੁਵੰਨੇ ਸੂਟ ਪਾਉਣ ਦਾ ਸ਼ੋਂਕ ਸੀ। ਇਸ ਲਈ ਉਹ ਬਹੁਤ ਖੁਸ਼ ਸੀ ਕਿ ਉਹ ਰੋਜ ਬਦਲ ਬਦਲ ਸੂਟ ਪਾ ਕੇ ਜਾਵੇਗੀ। ਸਕੂਲ ਵਾਂਗ ਉਸਨੂੰ ਰੋਜ ਵਰਦੀ ਪਾ ਕੇ ਕਾਲਜ ਨਹੀਂ ਜਾਣਾ ਪਵੇਗਾ।

ਜਦੋ ਜੋਤ ਕਾਲਜ ਪਹੁੰਚੀ, ਤਾਂ ਘਬਰਾਉਂਦੇ ਹੋਏ ਜੋਤ ਨੇ ਕਾਲਜ ਦੀ ਗ੍ਰਾਉਂਡ ਚ ਖੜੀਆ ਕੁੱਝ ਕੁੜੀਆਂ ਕੋਲੋਂ ਮੈਨੇਜਮੈਂਟ ਡਿਪਾਰਟਮੈਂਟ ਪੁੱਛਿਅਾ ? ਜਦੋ ਕੁੜੀਆਂ ਨੇ ਬੜੇ ਪਿਆਰ ਨਾਲ ਉਸਨੂੰ ਹੈਲੋ ਕਹਿ ਕੇ,ਮੈਨੇਜਮੈਂਟ ਵਾਲਿਆਂ ਦੀ ਬਿਲਡਿੰਗ ਦੱਸੀ ਤਾਂ ਜੋਤ ਦੇ ਮੰਨ ਚੋ ਸਾਰਾ ਡਰ ਲਹਿ ਗਿਆ। ਉਹ ਖੁਸ਼ ਸੀ ਕਿ ਕਾਲਜ ਦਾ ਮਾਹੌਲ ਤਾਂ ਚਲੋ ਵਧੀਆ ਆ। ਹੁਣ ,ਉਸਨੇ ਸਭ ਤੋਂ ਪਹਿਲਾ ਆਪਣੀ ਕਲਾਸ ਲੱਭੀ। ਕਲਾਸ ਵਿਚ ਜਾ ਕੇ ਪਹਿਲੇ ਬੈਂਚ ਤੇ ਜੋਤ ਚੁੱਪਚਾਪ ਬੈਠ ਗਈ।

ਇਨ੍ਹੇ ਨੂੰ ,ਇੱਕ ਲੰਬੀ,ਪਤਲੀ ਕੁੜੀ ਜਿਸਨੇ ਹਲਕੇ ਪੀਲੇ ਰੰਗ ਦਾ ਸੂਟ ਪਾਇਆ ਹੋਇਆ ਸੀ ,ਆ ਕੇ ਬੈਂਚ ਤੇ ਜੋਤ ਦੇ ਨਾਲ ਬੈਠ ਗਈ। ਜਦੋ ਜੋਤ ਨੇ ਉਸਦੇ ਹੱਥਾਂ ਵੱਲ ਦੇਖਿਆ ਤਾਂ ਜੋਤ ਹੈਰਾਨ ਹੋ ਗਈ। ਉਸ ਕੁੜੀ ਦੇ ਹੱਥ ਅਾਟੇ ਨਾਲ ਲਿੱਬੜੇ ਹੋਏ ਸਨ,ਜਿਵੇਂ ਉਹ ਹੁਣੇ ਰਸੋਈ ਚੋ ਰੋਟੀ ਪਕਾ ਕੇ ਹੀ ਨਿੱਕਲੀ ਹੋਵੇ। ਉਸ ਕੁੜੀ ਦੇ ਚਿਹਰੇ ਤੇ ਅਲੱਗ ਤਰ੍ਹਾਂਦੀ ਮਾਯੂਸੀ ਅਤੇ ਅੱਖਾਂ ਵਿੱਚ ਉਦਾਸੀ ਸੀ।

ਜੋਤ ਨੇ ਕੁੜੀ ਨੂੰ ਬਲਾਉਂਣ ਦਾ ਸੋਚਿਆ ਪਰ ਸ਼ੁਰੂਆਤ ਕਿਵੇਂ ਕੀਤੀ ਜਾਵੇ ਜੋਤ ਨੂੰ ਸਮਝ ਨਹੀਂ ਸੀ ਆ ਰਹੀ...? ਆਖਿਰ ਝਿੱਜਕਦੀ ਹੋਈ ਜੋਤ ਅਪਣਾ ਸੱਜਾ ਹੱਥ ਕੁੜੀ ਵੱਲ ਕਰਦੀ ਹੋਈ ਬੋਲੀ"

ਹੈਲੋ, ਮੇਰਾ ਨਾਮ ਜੋਤ ਹੈ। ਕੀ ਤੁਸੀਂ ਮੈਨੂੰ ਆਪ ਨਾਮ ਦੱਸ ਸਕਦੇ ਹੋ..?

ਪਹਿਲਾ ਤਾਂ ਕੁੜੀ ਨੇ ਬਹੁਤ ਹੈਰਾਨੀ ਨਾਲ ਜੋਤ ਵੱਲ ਦੇਖਿਆ ਅਤੇ ਘਬਰਾ ਕੇ ਬੋਲੀ,"ਮ..ਮ..ਮ ਮੇਰਾ ਨਾਮ ਅੰਮ੍ਰਿਤ ਹੈ, ਗੁਰਅੰਮ੍ਰਿਤ ਕੌਰ।

ਇੰਨ੍ਹੇ ਨੂੰ ਕਲਾਸ ਵਿੱਚ ਉਨ੍ਹਾਂ ਦੇ ਮੈਥ ਦੇ ਅਧਿਆਪਕ ਆ ਗਏ ਅਤੇ ਪਹਿਲਾਂ ਲੈਕਚਰ ਸ਼ੁਰੂ ਹੋ ਗਿਆ। ਲਗਾਤਾਰ ਚਾਰ ਲੈਕਚਰ ਲਗਾਉਂਣ ਤੋਂ ਬਾਅਦ ,ਰਸੈੱਸ ਹੋ ਗਈ।
ਸਭ ਸਟੂਡੈਂਟ ਨੂੰ ਕਲਾਸ ਤੋਂ ਬਾਹਰ ਜਾਂਦੇ ਦੇਖ ਜੋਤ ਅੰਮ੍ਰਿਤ ਨੂੰ ਬੋਲੀ ," ਚੱਲ ਅੰਮ੍ਰਿਤ,ਆਪਾ ਵੀ ਕੰਟੀਨ ਤੋਂ ਕੁੱਝ ਖਾ ਕੇ ਆਉਂਦੇ ਹਾਂ ਨਾਲ਼ੇ ਕਾਲਜ ਚ ਘੁੰਮ ਕੇ ਆਉਂਦੇ ਹਾਂ।"

ਪਰ ਅੰਮ੍ਰਿਤ ਨੀਵੀਂ ਪਾਈ ਸਿਰ ਹਿਲਾ ਮਨਾ ਕਰਦੇ ਹੋਏ ਬੋਲੀ, "ਤੁਸੀਂ ਜਾ ਆਓ...! ਮੈਨੂੰ ਭੁੱਖ ਨਹੀਂ ਹੈ।" ਪਰ ਜਦੋ ਜੋਤ ਧੱਕਾ ਕਰਨ ਲੱਗੀ ਤਾਂ ਅੰਮ੍ਰਿਤ ਨੇ ਅੱਖਾਂ ਭਰ ਲਈਆਂ।

ਜੋਤ ਘਬਰਾ ਗਈ ਅਤੇ ਉਸਨੇ ਅੰਮ੍ਰਿਤ ਨੂੰ ਪੁੱਛਿਆ," ਕੀ ਗੱਲ ਹੈ,ਤੂੰ ਨਹੀਂ ਜਾਣਾ ਯਾਰ,ਤਾਂ ਨਾ ਜਾ ਕੋਈ ਗੱਲ ਨਹੀਂ ,ਪਰ ਰੋ ਤਾਂ ਨਾ।"

" ਯਾਰ! ਮੇਰੇ ਕੋਲ ਪੈਸੇ ਨਹੀਂ ਹਨ", ਅੰਮ੍ਰਿਤ ਅੱਖਾਂ ਪੂੰਝਦੀ ਜੋਤ ਨੂੰ ਬੋਲੀ।
ਇਹ ਸੁਣ ਕੇ ਜੋਤ ਥੋੜਾ ਜਿਹਾ ਮੁਸਕਰਾਈ ਅਤੇ ਅੰਮ੍ਰਿਤ ਦੇ ਮੂੰਹ ਤੇ ਹਲਕੀ ਜਹੀ ਚਪੇੜ

ਮਾਰਦੇ ਹੋਏ ਬੋਲੀ," ਪਾਗਲ , ਇੰਨ੍ਹੀ ਗੱਲ ਪਿੱਛੇ ਰੋਈ ਦਾ ਥੋੜ੍ਹਾ ਹੁੰਦਾ।ਆ,ਚੱਲ ਤੂੰ ਮੇਰੇ ਨਾਲ,ਮੈਂ ਆਪੇ ਹੀ ਪੈਸੇ ਦੇ ਦਵਾਂਗੀ।" ਜੋਤ ਧੱਕੇ ਨਾਲ ਅੰਮ੍ਰਿਤ ਨੂੰ ਕੰਟੀਨ ਤੇ ਲੈ ਗਈ ।

ਪਹਿਲੇ ਦਿਨ ਕਰਕੇ,ਉਨ੍ਹਾਂ ਨੂੰ ਕੰਟੀਨ ਦਾ ਪਤਾ ਨਹੀਂ ਸੀ,ਕਿ ਕਿੱਥੇ ਆ..?
ਕਾਲਜ ਵਿੱਚ ਘੁੰਮਦੇ ਘੁੰਮਦੇ,ਉਨ੍ਹਾਂ ਨੂੰ ਕੰਟੀਨ ਲੱਭ ਗਈ ਅਤੇ ਦੋਨਾਂ ਨੇ ਉੱਥੇ ਜਾ ਕੇ ਪੈਟੀਜ਼ ਖਾਧੀਆਂ । ਜੋਤ ਨੇ ਪੈਸੇ ਦਿੱਤੇ ਅਤੇ ਫਿਰ ਦੋਨੋ ਜਾਣੀਆਂ ਕਾਲਜ ਵਿਚ ਘੁੰਮਣ ਲੱਗੀਆਂ। ਅੰਮ੍ਰਿਤ ਬਹੁਤ ਖੁਸ਼ ਸੀ ਕਿ ਅੱਜ ਪਹਿਲੇ ਦਿਨ ਹੀ ਉਸਦੀ ਮੁਲਾਕਾਤ,ਇੱਕ ਬਹੁਤ ਪਿਆਰੀ ਜਹੀ ਕੁੜੀ ਨਾਲ ਹੋਈ।

ਇੰਨ੍ਹੇ ਨੂੰ ਰਸੈੱਸ ਖ਼ਤਮ ਹੋ ਗਈ ਅਤੇ ਦੋਨੋ ਜਾਣੀਆਂ ਫਿਰ ਕਲਾਸ ਚ ਆ ਗਈਆਂ। ਫਿਰ ਬਾਕੀ ਦੇ ਰਹਿੰਦੇ ਲੈਕਚਰ ਵੀ ਲੱਗਣੇ ਸ਼ੁਰੂ ਹੋ ਗਏ । ਜੋਤ ਅਤੇ ਅੰਮ੍ਰਿਤ ਵਿੱਚ ਪਹਿਲੇ ਦਿਨ ਹੀ ਬਹੁਤ ਵਧੀਆ ਰਿਸ਼ਤਾ ਬਣ ਗਿਆ।ਦੋਨੋ ਇੱਕ ਦੂਜੇ ਦੀ ਦੋਸਤ ਬਣ ਕੇ ਬਹੁਤ ਖੁਸ਼ ਸਨ । ਸਾਰੇ ਲੈਕਚਰ ਖ਼ਤਮ ਹੋਣ ਤੋਂ ਬਾਅਦ ਛੁੱਟੀ ਹੋ ਗਈ। ਸਾਰੇ ਬੱਚੇ ਘਰਾਂ ਨੂੰ ਤੁਰ ਪਏ। ਜੋਤ ਅਤੇ ਅੰਮ੍ਰਿਤ ਨੇ ਵੀ ਆਪਣਾ ਆਪ ਬੈਗ ਚੁੱਕਿਆ ਅਤੇ ਇੱਕ ਦੂਜੇ ਨਾਲ ਗੱਲਾਂ ਕਰਦੀਆਂ ਕਾਲਜ ਦੇ ਗੇਟ ਵੱਲ ਨੂੰ ਤੁਰ ਪਈਆਂ। ਜੋਤ ਨੇ ਅੰਮ੍ਰਿਤ ਨੂੰ ਉਸਦੇ ਪਿੰਡ ਬਾਰੇ ਪੁੱਛਿਆ ," ਤਾਂ ਅੰਮ੍ਰਿਤ ਨੇ ਇਨ੍ਹਾਂ ਹੀ ਦੱਸਿਆ ਕੇ ਉਹ ਇੱਥੇ ਨੇੜੇ ਹੀ ਕਾਲੋਨੀ ਵਿੱਚ ਰਹਿੰਦੀ ਹੈ। ਜਦੋ ਜੋਤ ਨੂੰ ਅੰਮ੍ਰਿਤ ਨੇ ਉਸਦੇ ਘਰ ਬਾਰੇ ਪੁੱਛਿਆ ਤਾਂ ਜੋਤ ਨੇ ਦੱਸਿਆ ਕਿ," ਉਸਦਾ ਘਰ ਪਠਾਨਕੋਟ ਬਾਇਪਾਸ ਕੋਲ ਹੈ।

ਜੋਤ ਨੇ ਆਪਣੀ ਐਕਟਿਵਾ ਸਟੈਂਡ ਤੋਂ ਲਈ ਅਤੇ ਆਪਣੇ ਘਰ ਨੂੰ ਤੁਰ ਪਈ। ਅੰਮ੍ਰਿਤ ਦਾ ਘਰ ਨੇੜੇ ਹੋਣ ਕਰਕੇ,ਉਹ ਪੈਦਲ ਹੀ ਅਪਣੇ ਘਰ ਨੂੰ ਚੱਲ ਪਈ। ਜੋਤ ਨੇ ਘਰ ਪਹੁੰਚ ਕੇ

ਬੈੱਲ ਵਜਾਈ ਅਤੇ ਉਸਦੀ ਮਾਂ ਬਿੰਦਰ ਨੇ ਘਰ ਦਾ ਗੇਟ ਖੋਲਦੇ ਹੋਏ ਬੋਲੀ,"ਆ ਗਈ ਮੇਰੀ ਧੀ,ਕਿਵੇਂ ਦਾ ਰਿਹਾ ਪਹਿਲਾ ਦਿਨ ਕਾਲਜ ਦਾ...?" ਜੋਤ ਐਕਟਿਵ ਘਰ ਵਿੱਚ ਇੱਕ ਪਾਸੇ ਲਗਾ ਕੇ ,ਬਿੰਦਰ ਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਖੁਸ਼ ਹੁੰਦੇ ਬੋਲੀ ।" ਮੰਮਾ,ਬਹੁਤ ਵਧੀਆ ਰਿਹਾ, ਮੇਰਾ ਕਾਲਜ ਦਾ ਦਿਨ । "ਚੱਲ,ਪਹਿਲਾ ਕੁੱਝ ਖਾ ਲੈ ,ਫਿਰ ਦੱਸੀ ਗੱਲਾਂ", ਬਿੰਦਰ  ਜੋਤ ਨੂੰ ਕਮਰੇ ਚ ਵੜਦਿਆਂ ਬੋਲੀ ।" ਬਿੰਦਰ ਨੇ ਪਹਿਲਾ ਜੋਤ ਨੂੰ ਪਾਣੀ ਦਾ ਗਲਾਸ ਦਿੱਤਾ ਅਤੇ ਫਿਰ ਰੋਟੀ ਪਕਾਉਣ ਲੱਗ ਗਈ। ਮੰਮਾ,ਨਵਰੀਤ ਅਤੇ ਗੁਰਬਾਜ ਕਿੱਥੇ ਹਨ....?  ਦਿੱਸ ਨਹੀਂ ਰਹੇ।

ਪੁੱਤ!ਤੇਰੇ ਪਾਪਾ ਨਾਲ ਉਹ ਡਾਕਟਰ ਕੋਲ ਗਏ ਹਨ,ਗੁਰਬਾਜ਼ ਨੂੰ ਬੁਖਾਰ ਸੀ । ਕਦੋਂ ਦੇ ਗਏ ਆ,ਬਸ ਆਉਣ ਵਾਲੇ ਹੁਣੇ ਆ।ਅਜੇ ਜੋਤ ਰੋਟੀ ਖਾ ਹੀ ਰਹੀ ਸੀ ਕਿ ਕਾਰ ਦੇ ਹੋਰਨ ਦੀ ,ਘਰ ਦੇ ਗੇਟ ਅੱਗੇ ਵੱਜਣ ਦੀ ਆਵਾਜ਼ ਆਈ। ਜੋਤ ਉੱਠਣ ਹੀ ਲੱਗੀ ਸੀ ਕਿ ਕਿਸ਼ਨ ਕੌਰ ਬੋਲ ਪਈ ," ਧੀਏ! ਤੂੰ ਰੋਟੀ ਖਾ,ਮੈਂ ਜਾ ਕੇ ਖੋਲ ਆਉਂਦੀ ਹਾਂ ਅਤੇ ਉੱਠ ਕੇ ਗੇਟ ਖੋਲਣ ਚਲੇਗੀ।"

ਮਨਪ੍ਰੀਤ ਦੋਨਾਂ ਬੱਚਿਆਂ ਨਾਲ ਅੰਦਰ ਆ ਗਿਆ ਅਤੇ ਗੁਰਬਾਜ ਦੀ ਦਵਾਈ ਬਿੰਦਰ ਦੇ ਹੱਥ ਚ ਫੜਾਉਂਦਿਆਂ ਬੋਲਿਆ ," ਗੁਰਬਾਜ ਨੂੰ ਬੁਖਾਰ ਤਾਂ ਥੋੜਾ ਹੀ ਆ।" ਆ ਦਵਾਈ ਤਿੰਨ ਸਮੇ ਦੇਣੀ ਆ । ਡਾਕਟਰ ਨੇ ਕਹਿੰਦਾ ਸੀ ਕਿ ਕੱਲ ਤੱਕ ਆਰਾਮ ਆ ਜਾਊ,ਗੁਰਬਾਜ ਨੂੰ।"ਠੀਕ ਆ ਜੀ। ਆਜੋ ਰੋਟੀ ਪੱਕ ਰਹੀ ,ਤੁਸੀਂ ਵੀ ਸਾਰੇ ਰੋਟੀ ਖਾ ਲੋ ਫਿਰ",ਬਿੰਦਰ ਦਵਾਈ ਫੜ ਰਸੋਈ ਚ ਜਾਂਦੀ  ਬੋਲੀ ।

ਹੁਣ,ਜੋਤ ਹਰ ਰੋਜ ਆਪਣੇ ਮਨਪਸੰਦ ਰੰਗਾਂ ਦੇ ਸੂਟ ਪਾ ਕੇ ਕਾਲਜ ਜਾਂਦੀ ਹੈ। ਜੋਤ ਅਤੇ ਅੰਮ੍ਰਿਤ ਆਪਸ ਵਿਚ ਬਹੁਤ ਖੁਸ਼ ਰਹਿੰਦੀਆਂ। ਬਾਕੀ ਕਲਾਸ ਨਾਲ ਵੀ ਉਨ੍ਹਾਂ ਦੀ ਬਹੁਤ

ਬਣਦੀ ਸੀ ਪਰ ਆਪਸ ਵਿਚ ਉਨ੍ਹਾਂ ਦਾ ਪਿਆਰ ਅਲੱਗ ਹੀ ਸੀ। ਦੋਨੋ ਜਾਣੀਆਂ ਪੜ੍ਹਾਈ ਤੇ ਵੀ ਪੂਰਾ ਧਿਆਨ ਦਿੰਦੀਆਂ ਅਤੇ ਕਾਲਜ ਚ ਮਸਤੀ ਵੀ ਪੂਰੀ ਕਰਦੀਆਂ। ਜੋਤ ਖੁਸ਼ ਤਾਂ ਬਹੁਤ ਸੀ ਪਰ ਅੰਮ੍ਰਿਤ ਦੇ ਹੱਥਾਂ ਤੇ ਅ ਾਟਾ ਲੱਗਾ ਦੇਖ ਉਹ ਉਦਾਸ ਹੋ ਜਾਂਦੀ ਹੈ। ਉਹ ਕਈ ਵਾਰ ਅੰਮ੍ਰਿਤ ਨੂੰ ਪੁੱਛਣ ਦੀ ਕੋਸ਼ਿਸ਼ ਕਰਦੀ ਪਰ ਹਰ ਵਾਰ ਚੁੱਪ ਹੋ ਜਾਂਦੀ ਕਿ ਅੰਮ੍ਰਿਤ ਗੁੱਸਾ ਨਾ ਕਰ ਜਾਵੇ ਜਾਂ ਉਸਦੀ ਕਿਸੇ ਗੱਲ ਨਾਲ ਅੰਮ੍ਰਿਤ ਦੇ ਦਿਲ ਨੂੰ ਢੇਸ ਨਾ ਪੁੱਜੇ।

ਪਰ, ਇੱਕ ਦਿਨ ਜੋਤ ਹੁਣਾ ਦਾ ਇੱਕ ਲੈਕਚਰ ਫ੍ਰੀ ਸੀ ਅਤੇ ਦੋਨੋ ਜਾਣੀਆਂ ਪਾਰਕ ਵਿੱਚ ਜਾ ਕੇ ਬੈਠ ਗਈਆਂ। ਜੋਤ ਨੇ ਗੱਲਾਂ ਗੱਲਾਂ ਵਿੱਚ ਅੰਮ੍ਰਿਤ ਨੂੰ ਪੁੱਛਿਆ ਕਿ ਉਸਦੇ ਹੱਥ ਰੋਜ ਅ ਾਟੇ ਨਾਲ ਕਿਓਂ ਲਿਬੜੇ ਹੁੰਦੇ ਹਨ ? ਘਰ ਵਿੱਚ ਸਭ ਠੀਕ ਤਾਂ ਹੈ....? ਦਰਅਸਲ ,ਜੋਤ ਮੈਂ ਤੇਰੇ ਕੋਲੋਂ ਅੱਜ ਤੱਕ ਇੱਕ ਗੱਲ ਛੁਪਾਈ ਹੈ, ਅੰਮ੍ਰਿਤ ਉਦਾਸ ਹੁੰਦੇ ਬੋਲੀ।

ਜੋਤ ਚੋਂਕਦੀ ਹੋਈ ਬੋਲੀ, "ਗੱਲ ਛੁਪਾਈ ਹੈ,ਕਿਹੜੀ.?"

ਅੰਮ੍ਰਿਤ ਜੋਤ ਵੱਲ ਦੇਖਦੀ ਬੋਲੀ, "ਯਾਰ ਮੇਰੀ ਮੰਮੀ ਮੇਰੀ ਦੂਜੀ ਮੰਮੀ ਹੈ।"

ਜੋਤ ਤੂੰ ਕਹਿਣਾ ਕੀ ਚਾਹੁੰਦੀ ਹੈ ਦੂਜੀ ਮੰਮੀ !ਮਤਲਬ ?

ਮੇਰੀ ਮੰਮੀ ਦੀ ਮੌਤ ਹੋ ਚੁੱਕੀ ਹੈ,ਜਦੋ ਮੈਂ 8 ਸਾਲ ਦੀ ਸੀ ।ਉਨ੍ਹਾਂ ਨੂੰ ਕੈਂਸਰ ਸੀ । ਮੇਰੇ ਪਾਪਾ ਦੂਜਾ ਵਿਆਹ ਨਹੀਂ ਸੀ ਕਰਨਾ ਚਾਹੁੰਦੇ ਪਰ ਮੇਰੀ ਦਾਦੀ ਨੇ ਮੁੰਡੇ ਦੀ ਲਾਲਸਾ ਵਿੱਚ ਮੇਰੇ ਪਾਪਾ ਦਾ ਦੂਜਾ ਵਿਆਹ ਕਰ ਦਿੱਤਾ । ਮੇਰੀ ਦਾਦੀ ਨੂੰ ਸੀ ਕਿ ਇੰਨ੍ਹੀ ਜਮੀਨ ਜਾਇਦਾਦ ਦਾ ਵਾਰਿਸ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਮੇਰੇ ਪਾਪਾ ਦਾ ਵਿਆਹ ਮੇਰੀ ਦੂਜੀ ਮੰਮੀ ਨਾਲ ਹੋਇਆ, ਮਨ ਭਰਦੇ ਹੋਏ ਅੰਮ੍ਰਿਤ ਬੋਲੀ। ਪਰ ਮੇਰੀ ਦੂਜੀ  ਮੰਮੀ ਘਰ ਦਾ ਸਾਰਾ ਕੰਮ ਮੇਰੇ ਕੋਲੋਂ ਕਰਵਾਉਂਦੀ ਹੈ ,ਉਹ ਸਿਰਫ ਮੇਰੇ ਛੋਟੇ ਭਰਾ ਨੂੰ ਲੈ ਕੇ ਕਮਰੇ ਚ ਬੈਠੀ ਰਹਿੰਦੀ ਹੈ ।

ਮੈਨੂੰ ਮੇਰੇ ਛੋਟੇ ਭਰਾ ਨੂੰ ਵੀ ਚੱਕਣ ਨਹੀਂ ਦਿੰਦੀ।

ਜੋਤ ਹੈਰਾਨ ਹੁੰਦੇ ਬੋਲੀ, "ਤੇਰੇ ਪਾਪਾ ਉਨ੍ਹਾਂ ਨੂੰ ਕੁੱਝ ਨਹੀਂ ਕਹਿੰਦੇ ।"

ਸਾਰੇ ਮੁੰਡੇ ਦੇ ਮੋਹ ਕਰਕੇ ਚੁੱਪ ਹਨ ਕਿਓਂਕਿ ਇਕ ਵਾਰ ਪਾਪਾ,ਮੇਰੇ ਕਰਕੇ ਲੜ ਪਏ ਸਨ ਅਤੇ ਮੇਰੀ ਦੂਜੀ ਮੰਮੀ ਘਰ ਛੱਡ ਕੇ ਮੇਰੇ ਭਰਾ ਨੂੰ ਲੈ ਕੇ ਨਾਨਕੇ ਚਲੀ ਗਈ ਸੀ। ਪਾਪਾ ਨੇ ਬਹੁਤ ਤਰਲੇ ਮਿੰਨਤਾਂ ਕਰਕੇ ਮਨਾ ਕੇ ਲਿਆਂਦਾ ਸੀ ਮੇਰੀ ਦੂਜੀ ਮੰਮੀ ਨੂੰ। ਬਸ ਹੁਣ ਘਰ ਚ ਕਲੇਸ਼ ਤੋਂ ਡਰਦੇ,ਕੋਈ ਨਹੀਂ ਬੋਲਦਾ।ਮੈ ਸਵੇਰੇ ਘਰ ਦਾ ਸਾਰਾ ਕੰਮ ਕਰਕੇ ,ਰੋਟੀ ਪਕਾ ਕੇ ਆਉਂਦੀ ਹਾਂ ।ਇਸ ਲਈ ਜਦੋ ਕਈ ਵਾਰ ਲੇਟ ਹੁੰਦੀ ਹਾਂ ਤਾਂ ਹੱਥ ਧੌਣ ਵਾਲੇ ਰਹਿ ਜਾਂਦੇ ਹਨ ਅਤੇ ਕਾਲਜ ਆ ਕੇ ਧੋਂਦੀ ਹਾਂ। ਮਤਰੇਈ ਮਾਂ ਮਤਰੇਈ ਹੀ ਹੁੰਦੀ ਹੈ ਜੋਤ,ਕਦੇ ਸਕੀ ਨਹੀਂ ਬਣ ਸਕਦੀ ।ਚਾਹੇ ਜਿਨ੍ਹਾਂ ਮਰਜੀ ਕਰ ਲੋ ਉਸ ਨਾਲ,ਕਹਿੰਦੇ ਅੰਮ੍ਰਿਤ ਦੀਆਂ ਅੱਖਾਂ ਚੋ ਹੰਝੂ ਵਹਿੰਦੇ ਗੱਲ੍ਹਾਂ ਰਾਹੀ ਹੇਠਾਂ ਵੱਲ ਨੂੰ ਵੱਗਣ ਲੱਗੇ।

ਜੋਤ ਦੀਆਂ ਅੰਮ੍ਰਿਤ ਦੀ ਕਹਾਣੀ ਸੁਣ ਕੇ ਅੱਖਾਂ ਭਰ ਆਈਆਂ,ਇਹ ਸੋਚ ਕੇ ਕੀ ਸਾਰਿਆਂ ਦੇ ਸਾਹਮਣੇ ਖੁਸ਼ ਰਹਿਣ ਵਾਲੀ ਅੰਮ੍ਰਿਤ ਦਿਲ ਚ ਕਿੰਨਾ ਦਰਦ ਛੁਪਾਈ ਬੈਠੀ ਹੈ। ਪਰ ਉਸ ਕੋਲ ਅੰਮ੍ਰਿਤ ਨੂੰ ਦਿਲਾਸਾ ਦੇਣ ਤੋਂ ਬਿਨਾਂ ਕੁੱਝ ਨਹੀਂ ਸੀ ।

ਅੱਜ ਜੋਤ ਕਾਲਜ ਘਰ ਆਈ ਪਰ ਖੁਸ਼ ਨਹੀਂ ਸੀ,ਉਸਦੇ ਚਿਹਰੇ ਤੇ ਮਾਯੂਸੀ ਛਾਈ ਸੀ । ਜੋਤ ਦੇ ਦਿਮਾਗ ਵਿੱਚ ਵਾਰ ਵਾਰ ਅੰਮ੍ਰਿਤ ਦੀਆਂ ਕਹੀਆਂ ਗੱਲਾਂ ਆ ਰਹੀਆਂ ਸੀ ਪਰ ਉਹ ਇਸ ਗੱਲ ਤੋਂ ਅਣਜਾਣ ਸੀ ਕਿ ਉਸਦੀ ਜ਼ਿੰਦਗੀ ਚ ਵੀ ਇੱਕ ਤੂਫ਼ਾਨ ਆਉਣ ਵਾਲਾ ਹੈ । ਜਿਸ ਬਾਰੇ ਤਾਂ ਜੋਤ ਨੇ ਕਦੇ ਸੁਪਨੇ ਵਿੱਚ ਵੀ ਸੋਚਿਆ ਨਹੀਂ ਸੀ । ਜੋਤ ਦੇ ਘਰ ਉਸਦੇ ਨਾਨਕੇ (ਮਾਮੇ,ਮਾਮੀਆਂ ,ਮਾਸੀਆਂ) ਆਏ ਹੋਏ ਸਨ। ਅੱਗੇ ਜੋਤ ਨੂੰ ਉਨ੍ਹਾਂ ਦੇ ਆਉਣ ਤੇ ਚਾਅ ਚੜ੍ਹ ਜਾਂਦਾ ਪਰ ਇਸ ਵਾਰ ਉਸਨੇ ਸਭ ਨੂੰ ਸਤਿ ਸ੍ਰੀ ਅਕਾਲ ਬੁਲਾ

ਕੇ,ਚੁੱਪਚਾਪ ਅਪਣਾ ਪਰਸ ਕਮਰੇ ਚ ਰੱਖ ਕੇ ,ਉਨ੍ਹਾਂ ਦੇ ਨੇੜੇ ਕੁਰਸੀ ਲੈ ਕੇ ਬੈਠ ਗਈ। ਕਿਓਂ ਕੁੜੇ,ਕੀ ਗੱਲ ਹੈ ? "ਬਹੁਤ ਮੁਰਝਾਈ ਪਈ ਏ। ਠੀਕ ਤਾਂ ਹੈ। ਅੱਜ ਖੁਸ਼ੀ ਨਹੀਂ ਹੋਈ ਲੱਗਦੀ ਸਾਡੇ ਆਉਂਣ ਤੇ",ਜੋਤ ਦੀ ਮਾਮੀ ਮਜਾਕ ਚ ਜੋਤ ਨੂੰ ਛੇੜਦੇ ਹੋਏ ਬੋਲੀ ।

ਬਿੰਦਰ ਵੀ ਜੋਤ ਦਾ ਉਦਾਸ ਚਿਹਰਾ ਦੇਖ ਕੇ ਬੋਲ ਪਈ,"ਜੋਤ ਕੀ ਹੋਇਆ, ਪੁੱਤ ?ਅੱਗੇ ਤਾਂ ਬਹੁਤ ਖੁਸ਼ ਹੁੰਦੀ ਆ,ਜਦੋ ਕਾਲਜ ਤੋਂ ਵਾਪਸ ਆਉਂਦੀ ਆ ।

ਅੱਜ ਕਿਓਂ ਮੂੰਹ ਲਟਕਾਇਆ ਹੈ? ਕਿਸੇ ਨੇ ਕਾਲਜ ਚ ਕਿਹਾ,ਤੈਨੂੰ ਕੁੱਝ ! ਦੱਸ ਪੁੱਤ,ਮੈਨੂੰ!

"ਨਹੀਂ ਮੰਮਾ, ਕਿਸੇ ਨੇ ਕੁੱਝ ਨਹੀਂ ਕਿਹਾ", ਜੋਤ ਸਹਿਜ ਸੁਬਾਹ ਬੋਲੀ ਪਰ ਅੱਜ ਉਸਦੇ ਸ਼ਬਦਾਂ ਚ ਇੱਕ ਦਰਦ ਸੀ ਜੋ ਬਿੰਦਰ ਨੇ ਮਹਿਸੂਸ ਕਰ ਲਿਆ ਸੀ।

" ਬੁਖਾਰ ਤਾਂ ਨਹੀਂ,ਜਾ ਪਾਪਾ ਨੂੰ ਕਹਿ ਤੈਨੂੰ ਦਵਾਈ ਦਵਾ ਲਿਆਉਣ" ਬਿੰਦਰ ਚਿੰਤਾ ਦੇ ਹਾਵ ਭਾਵ ਨਾਲ ਜੋਤ ਨੂੰ ਬੋਲੀ ।

ਨਹੀਂ ਮੰਮਾ,ਬੁਖਾਰ ਨਹੀਂ ਹੈ। ਬਸ ਮੂਡ ਨਹੀਂ ਠੀਕ।

ਕੀ ਹੋਇਆ? ਜੋਤ ਦੀ ਮਾਸੀ ਨੇ ਚਿੰਤਾ ਜਤਾਉਂਦੇ ਜੋਤ ਨੂੰ ਪੁੱਛਿਆ ।

ਦਰਅਸਲ ਮੰਮਾ,ਮੈਂ ਤੁਹਾਨੂੰ ਦੱਸਿਆ ਸੀ ਨਾ,ਮੇਰੀ ਸਹੇਲੀ ਅੰਮ੍ਰਿਤ ਬਾਰੇ । ਹਾਂ ਪੁੱਤ,ਘਬਰਾਉਂਦੇ ਹੋਏ ਬਿੰਦਰ ਜੋਤ ਵੱਲ ਵੇਖਦੀ ਹੋਈ ਬੋਲੀ ।

ਓਹਦੇ ਮੰਮਾ,ਓਹਦੇ ਅਸਲੀ ਮੰਮਾ ਨਹੀਂ ਹਨ। ਉਹ ਅੰਮ੍ਰਿਤ ਦੇ ਮਤਰੇਈ ਮੰਮਾ ਨੇ। ਅੰਮ੍ਰਿਤ ਤੋਂ ਉਹ ਘਰ ਦਾ ਸਾਰਾ ਕੰਮ ਕਰਵਾਉਂਦੇ ਹਨ। ਸਵੇਰੇ ਕਾਲਜ ਆਉਣ ਤੋਂ ਪਹਿਲਾ ,ਉਹ ਘਰ ਦਾ ਸਾਰਾ ਕੰਮ ਕਰਕੇ ਆਉਂਦੀ ਹੈ। ਕਈ ਵਾਰ ਤਾਂ ਉਸਦੇ ਹੱਥ ਅਾਟੇ ਨਾਲ ਲਿਬੜੇ ਹੁੰਦੇ ਹਨ ।

ਸੱਚੀ ਗੱਲ ਹੈ,ਮਤਰੇਈ ਮਾਂ ,ਮਤਰੇਈ ਹੀ ਹੁੰਦੀ ਹੈ। ਇਹੋ ਜਹੀਆਂ ਮਤਰੇਈਆਂ ਮਾਵਾਂ ਨੂੰ ਤਾਂ ਮਾਰ ਦੇਣਾ ਚਾਹੀਦਾ ਹੈ, ਜੋਤ ਗੁੱਸੇ ਚ ਬੋਲੀ। ਜੋਤ ਦੀਆਂ ਇਹ ਗੱਲਾਂ ਸੁਣਦੇ ਹੀ ਉਸਦੀ ਮਾਸੀ ਦੇ ਮੂਹੋਂ ਸਹਿਜ ਸੁਬਾਹ ਹੀ ਨਿੱਕਲ ਗਿਆ ਕਿ ਐਵੇਂ ਨਹੀਂ ਬੋਲੀ ਦਾ। ਸਾਰੀਆਂ ਮਤਰੇਈ ਮਾਵਾਂ ਇਕੋ ਜਹੀਆਂ ਨਹੀਂ ਹੁੰਦੀਆਂ ਕੁੱਝ ਚੰਗੀਆਂ ਵੀ ਹੁੰਦੀਆਂ ਨੇ।ਦੇਖ! ਬਿੰਦਰ ਵੀ ਤੇਰੀ ਸਕੀ ਮਾਂ.....ਅਜੇ ਇਨ੍ਹਾਂ ਹੀ ਬੋਲਿਆ ਸੀ ਕਿ ਬਿੰਦਰ ਵਿੱਚੋ ਹੀ ਬੋਲ ਪਈ,"ਪੁੱਤ ਦੁਨੀਆਂ ਚ ਚੰਗੇ ਲੋਕ ਵੀ ਨੇ ਅਤੇ ਮਾੜੇ ਵੀ।" ਅਸੀਂ ਇੱਕੋ ਤੱਕੜੀ ਚ ਸਭ ਨੂੰ ਤੋਲ ਨਹੀਂ ਸਕਦੇ।ਪਰ ਜੋਤ ਨੇ ਆਪਣੀ ਮਾਸੀ ਦੀ ਗੱਲ ਸੁਣ ਲਈ ਸੀ, ਇਸ ਲਈ ਉਸਨੇ ਫਿਰ ਬਿੰਦਰ ਨੂੰ ਪੁੱਛ ਲਿਆ,"ਮੰਮਾ,ਮਾਸੀ ਦੇ ਕਹਿਣ ਦਾ ਕੀ ਮਤਲਬ,ਤੁਸੀਂ ਮੇਰੇ .....।"

ਨਹੀਂ ਪੁੱਤ,ਮਾਸੀ ਤੇਰੀ ਤਾਂ ਐਵੇ ਹੀ ਮਾਰਦੀ ਹੈ। ਤੂੰ ਗੋਰ ਨਾ ਕਰ ਇਨ੍ਹਾਂ ਗੱਲਾਂ ਤੇ । ਜੋਤ,ਓਦੋ ਤਾਂ ਚੁੱਪ ਕਰ ਗਈ ਪਰ ਇਹ ਗੱਲ ,ਉਸਦੇ ਦਿਮਾਗ ਚ ਅੜੀ ਰਹੀ ।

ਆਪਣੇ ਨਾਨਕਿਆਂ ਦੇ ਜਾਣ ਤੋਂ ਬਾਅਦ,ਰਾਤ ਨੂੰ ਜੋਤ ਨੇ ਆਪਣੀ ਦਾਦੀ ਕੋਲ ਬੈਠੇ ਬੈਠੇ ਫਿਰ ਓਹੀ ਗੱਲ ਛੇੜ ਲਈ । ਪਰ ਇਸ ਵਾਰ ਬਿੰਦਰ ਨੂੰ ਗੁੱਸਾ ਚੜ੍ਹ ਗਿਆ ਅਤੇ ਗੁੱਸੇ ਚ ਜੋਤ ਨੂੰ ਬੋਲੀ,"

ਤੂੰ ਜਿਆਦਾ ਨਹੀਂ ਭੂਹੇ ਚੜ੍ਹੀ ਜਾਨੀ,ਤੈਨੂੰ ਇੱਕ ਵਾਰ ਪਿਆਰ ਨਾਲ ਬੋਲ ਦਿੱਤਾ ਤਾਂ ਹੈ ਕੇ,ਉਂਞ ਹੀ ਮੂੰਹੋ ਨਿਕਲ ਗਿਆ।" ਪਰ,ਤੂੰ ਉਸੇ ਗੱਲ ਦਾ ਰਾਗ ਅਲਾਪੀ ਜਾਂਦੀ ਹਾਂ। ਝਿੜਕਾਂ ਸੁਣ ਜੋਤ ਰੋਂਦੀ ਹੋਈ ਉੱਠ ਕੇ ਆਪਣੇ ਕਮਰੇ ਵੱਲ ਚਲੇਗੀ। ਬਿੰਦਰ ਨੂੰ ਆਪਣੇ ਆਪ ਤੇ ਗੁੱਸਾ ਤਾਂ ਬਹੁਤ ਆਇਆ ਕਿਓਂਕਿ ਅੱਜ ਪਹਿਲੀ ਵਾਰ ਉਸਨੇ ਜੋਤ ਨਾਲ,ਇਸ ਤਰ੍ਹਾਂ ਗੱਲ ਕੀਤੀ ਸੀ। ਜਿਸ ਸੱਚ ਨੂੰ ਛਪਾਉਣ ਲਈ ਉਸਨੇ ਇੰਨ੍ਹਾਂ ਕੁੱਝ ਕੀਤਾ ,ਅੱਜ ਓਹੀ ਸੱਚ ਜੋਤ ਦੇ ਸਾਹਮਣੇ ਆ ਰਿਹਾ ਸੀ।

ਇਹ ਸਭ ਦੇਖ ਕਿਸ਼ਨ ਕੌਰ ਬਿੰਦਰ ਨੂੰ ਸਮਝਾਉਂਦਿਆਂ ਹੋਇਆ ਬੋਲੀ ਕਿ," ਧੀਏ!ਸਾਨੂੰ ਜੋਤ ਨੂੰ ਸੱਚ ਦੱਸ ਦੇਣਾ ਚਾਹੀਦਾ ਹੈ।" ਕੱਲ ਨੂੰ ਕੋਈ ਹੋਰ ਦੱਸੇ,ਇਸ ਤੋਂ ਚੰਗਾ ਅਸੀਂ ਉਸਨੂੰ ਖੁਦ ਦੱਸ ਦੇਈਏ.......! ਦੁਨੀਆਂ ਦੀ ਜੁਬਾਨ ਨੂੰ ਕਦੇ ਜ਼ਿੰਦਰਾ ਨਹੀਂ ਲਾਇਆ ਜਾ ਸਕਦਾ।

ਪਰ,ਮੰਮੀ ਜੀ! ਕੀਤੇ ਜੋਤ ਨੂੰ ਸੱਚ ਪਤਾ ਲੱਗਣ ਤੇ ਉਹ ਮੇਰੇ ਤੋਂ ਦੂਰ ਨਾ ਹੋਜੇ,ਬਿੰਦਰ ਘਬਰਾਉਂਦੇ ਹੋਏ ਬੋਲੀ । ਤੁਸੀਂ ਸਾਰੇ ਜਾਣਦੇ ਹੋ ਕਿ ਮੈਂ ਜੋਤ ਨੂੰ ਆਪਣੇ ਬੱਚਿਆਂ ਨਾਲੋਂ ਵੀ ਜਿਆਦਾ ਪਿਆਰ ਕੀਤਾ ਹੈ। ਕਦੇ ਕੋਈ ਭੇਦਭਾਵ ਨਹੀਂ ਕੀਤਾ।

ਧੀਏ! ਮੈਨੂੰ ਵੀ ਪਤਾ ਹੈ। ਤੇਰੇ ਜਿਨ੍ਹਾਂ ਕਿਨ੍ਹੇ ਕਰਨਾ ਆ ਜੋਤ ਨਾਲ। ਪਰ ਬਾਹਰ ਲੋੱਕਾਂ ਦਾ ਕੀ ਪਤਾ ? ਸੱਚ ਨੂੰ ਝੂਠ ਬਣਾਉਣ ਲੱਗੇ ਮਿੰਟ ਨਹੀਂ ਲਾਉਂਦੇ।
ਕੱਲ ਨੂੰ,ਜੇ ਕਿਸੇ ਨੇ ਜੋਤ ਨੂੰ ਗੱਲਾਂ ਵਧਾ ਚੜ੍ਹਾ ਕੇ ਦੱਸੀਆਂ ਤਾਂ ਜੋਤ ਦੇ ਦਿਮਾਗ ਤੇ ਮਾੜਾ ਅਸਰ ਪਵੇਗਾ। ਇਸ ਤੋਂ ਪਹਿਲਾ ਕੇ ਕੋਈ ਹੋਰ ਉਸਨੂੰ ਗੱਲਾਂ ਦੱਸੇ,ਸਾਨੂੰ ਸਾਰਾ ਸੱਚ ਖੁਦ ਦੱਸ ਦੇਣਾ ਚਾਹੀਦਾ ਹੈ,ਕਿਸ਼ਨ ਕੌਰ ਦੀਆਂ ਕਹੀਆਂ ਗੱਲਾਂ ਨੂੰ ਸਮਝਦੇ ਹੋਏ ਹਾਮੀ ਭਰਦਿਆਂ,ਬਿੰਦਰ ਉੱਠ ਕੇ ਜੋਤ ਕੋਲ ਕਮਰੇ ਵਿੱਚ ਚਲੇ ਗਈ। ਜੋਤ ਬੈਡ ਤੇ ਮੁੱਧੀ ਲੰਮੇ ਪੈ ਕੇ ਰੋ ਰਹੀ ਸੀ ।

ਪਹਿਲਾ ਤਾਂ ਬਿੰਦਰ ਨੇ ਜੋਤ ਨੂੰ ਬੈਡ ਤੇ ਬਿਠਾ ਕੇ ਚੁੱਪ ਕਰਵਾਇਆ ਅਤੇ ਫਿਰ ਜੋਤ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਬੋਲੀ ਕਿ,"ਰੋ ਨਾ ਪੁੱਤ, ਮਾਫ ਕਰਦੇ,ਮੈਂ ਤੇਰੇ ਨਾਲ ਇਨ੍ਹਾਂ ਉੱਚੀ ਬੋਲੀ।" ਪੁੱਤ,ਤੂੰ ਕੱਲ ਕਾਲਜ ਨਹੀਂ ਜਾਣਾ। ਕੱਲ ਨੂੰ ਤੈਨੂੰ ਉਹ ਸਭ ਸੱਚ ਦੱਸ ਦੇਣਾ ਹੈ ਜੋ ਅਸੀਂ ਹੁਣ ਤੱਕ ਤੇਰੇ ਤੋਂ ਛੁਪਾ ਕੇ ਰੱਖਿਆ। ਚੱਲ ਹੁਣ ਉੱਠ! ਮੈਂ ਰੋਟੀ ਪਕਾਵਾਂ ਤੇ ਤੂੰ ਫੜਾ ਸਭ ਨੂੰ,ਇਨ੍ਹਾਂ ਕਹਿ ਕੇ ਬਿੰਦਰ ,ਜੋਤ ਨੂੰ ਉੱਠਾ ਕੇ ਰਸੋਈ ਚ ਲੈ ਗਈ । ਸਾਰੇ ਰੋਟੀ ਖਾ ਕੇ ਸੌ ਗਏ।

ਅਗਲੇ ਦਿਨ ਜੋਤ ਦੇ ਛੋਟੇ ਭੈਣ ਭਰਾਵਾਂ ਨੂੰ ਸਕੂਲ ਭੇਜ ਕੇ,ਇੱਕ ਕਮਰੇ ਚ ਬਿੰਦਰ, ਕਿਸ਼ਨ ਕੌਰ ਅਤੇ ਜੋਤ ਬੈਠ ਗਏ। ਕਿਸ਼ਨ ਕੌਰ ਨੇ ਜੋਤ ਨੂੰ ਉਸਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੀਆਂ ਸਾਰੀਆਂ ਗੱਲਾਂ ਦੱਸਣੀਆਂ ਸ਼ੁਰੂ ਕਰ ਦਿੱਤੀਆਂ।

ਜੋਤ ਤੂੰ 3 ਸਾਲ ਦੀ ਸੀ ਜਦੋ ਤੇਰੀ ਮੰਮੀ ਜਸਨੀਤ ਦੀ ਮੌਤ ਹੋਈ" ,ਇਹ ਕਹਿੰਦਿਆਂ ਹੀ ਕਿਸ਼ਨ ਕੌਰ ਦੀਆਂ ਅੱਖਾਂ ਭਰ ਆਈਆਂ। ਤੂੰ ਬਿਲਕੁਲ ਆਪਣੀ ਮਾਂ ਵਰਗੀ ਹੈ, ਪੁੱਤ। ਓਵੇ ਦੇ ਨੈਣ ਨਕਸ਼, ਓਵੇ ਦਾ ਮੂੰਹ ਦਾ ਮੁਹਾਂਦਰਾ ਅਤੇ ਸੁਬਾਹ।ਜਸਨੀਤ ਦਾ ਸੁਭਾਅ ਬਹੁਤ ਹੀ ਮੁਲਾਪੜਾ ਸੀ ਅਤੇ ਉਸਨੇ ਕਦੇ ਵੀ ਕਿਸੇ ਨੂੰ ਉੱਚੀ ਇੱਕ ਸ਼ਬਦ ਨਹੀਂ ਬੋਲਿਆ। ਬਸ ਸਾਰਾ ਦਿਨ ਹੱਸਦੀ ਰਹਿਣਾ ਅਤੇ ਹਾਂਜੀ ਹਾਂਜੀ ਕਰਦੀ ਰਹਿਣਾ ਸਭ ਨੂੰ।

ਇੱਕ ਦਿਨ ਤੜਕੇ ਚਾਰ ਕੁ ਵਜੇ ਉੱਠ ਕੇ ਬਾਹਰ ਬਾਥਰੂਮ ਜਾਣ ਲਈ,ਜਦੋ ਉਸਨੇ ਕਮਰੇ ਦਾ ਦਰਵਾਜਾ ਖੋਲਣ ਲੱਗੀ ਤਾਂ ਹਾਰਟ ਅਟੈਕ ਹੋਣ ਕਰਕੇ ਉਥੇ ਹੇਠਾਂ ਹੀ ਫਰਸ਼ ਤੇ ਡਿੱਗ ਗਈ। ਤੇਰੇ ਪਾਪਾ ਇੱਕ ਦਮ ਖੜਾਕ ਸੁਣ ਕੇ ਉਠੇ ਤਾਂ ਦੇਖਿਆ ਤੇਰੀ ਮੰਮੀ ਜਮੀਨ ਤੇ ਲੇਟੀ ਹੋਈ ਸੀ। ਪਰ ਜਸਨੀਤ ਨੂੰ ਕੋਈ ਹੋਸ਼ ਨਹੀਂ ਸੀ। ਤੇਰੇ ਪਾਪਾ ਨੇ ਮੈਨੂੰ ਆਵਾਜ਼ ਲਗਾਈ ਤਾਂ ਕਾਰ ਬਾਹਰ ਕੱਢੀ। ਪਰ,ਹੌਸਪੀਟਲ ਪਹੁੰਚ ਜਦੋ ਡਾਕਟਰ ਨੇ ਚੈੱਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਜਸਨੀਤ ਦੀ ਮੌਤ ਹੋ ਚੁੱਕੀ ਹੈ। ਸਾਡੇ ਤੇ ਤਾਂ ਦੁੱਖਾਂ ਦਾ ਪਹਾੜ ਟੁੱਟ ਗਿਆ। ਪਰ ਵਾਹਿਗੁਰੂ ਅੱਗੇ ਕਿਸਦਾ ਜ਼ੋਰ ਚਲਦਾ ਹੈ। ਫਿਰ ਮਨਪ੍ਰੀਤ ਨੇ ਸਭ ਨੂੰ ਫੋਨ ਕੀਤਾ ਅਤੇ ਜਸਨੀਤ ਦਾ ਸੰਸਕਾਰ ਕੀਤਾ। ਫਿਰ 10 ਦਿਨ ਬਾਅਦ ਭੋਗ ਪਾਇਆ।

ਤੂੰ ਛੋਟੀ ਹੋਣ ਕਰਕੇ ਸਾਰਾ ਦਿਨ ਮੰਮੀ ਮੰਮੀ ਦੀ ਰੱਟ ਲਈ ਜਾਣੀ ਅਤੇ ਤੈਨੂੰ ਦੇਖ ਕੇ ਸਾਡਾ ਰੌਣਾ ਨਿਕਲ ਜਾਣਾ। ਤੂੰ ਇਹੀ ਕਹਿਣਾ ਕਿ,"ਮੈਂ ਮੰਮੀ ਕੋਲ ਜਾਣਾ ਹੈ।" ਫਿਰ ਜਦੋ

ਤੇਰੀ ਮੰਮੀ ਨੂੰ ਪੂਰੇ ਹੋਏ 2 ਮਹੀਨੇ ਹੋਏ ਤਾਂ ਤੇਰੀ ਨਾਨੀ(ਸੁਰਜੀਤ ਕੌਰ)ਸਾਡੇ ਕੋਲ ਆਈ। ਸ਼ਾਮ ਨੂੰ ਮੰਜੇ ਤੇ ਬੈਠਿਆਂ ,ਤੇਰੇ ਵੱਲ ਦੇਖ ਕੇ ਉਹ ਮੈਨੂੰ ਕਹਿਣ ਲੱਗੇ ਕਿ," ਭੈਣਜੀ ਗੁੱਸਾ ਨਾ ਕਰਨਾ,ਜੇ ਤੁਹਾਨੂੰ ਸਹੀ ਲੱਗੇ ਤਾਂ ਸਾਨੂੰ ਜਸਨੀਤ ਦੇ ਵਾਰੀਨੇ ਤੋਂ ਬਾਅਦ ਮਨਪ੍ਰੀਤ ਦਾ ਦੂਜਾ ਵਿਆਹ ਕਰ ਦੇਣਾ ਚਾਹੀਦਾ ਹੈ ।" ਚਾਹੇ ਮੇਰੀ ਧੀ ਦੀ ਮੌਤ ਹੋਈ ਹੈ ਪਰ ਜੋਤ ਅਜੇ ਛੋਟੀ ਹੈ ਅਤੇ ਇਸ ਨੂੰ ਮਾਂ ਦੀ ਲੋੜ ਹੈ,ਇਹ ਕਹਿੰਦਿਆਂ ਸੁਰਜੀਤ  ਭੈਣਜੀ ਦੀਆਂ ਅੱਖਾਂ ਭਰ ਆਈਆਂ। ਮਨਪ੍ਰੀਤ ਦੀ ਵੀ ਅਜੇ ਕੀ ਉਮਰ ਹੈ ,ਕਿਵੇਂ ਕੱਟੇਗਾ ਸਾਰੀ ਜ਼ਿੰਦਗੀ?
ਮੈਨੂੰ ਸੁਰਜੀਤ  ਭੈਣਜੀ ਦੀ ਗੱਲ ਤਾਂ ਸਹੀ ਲੱਗੀ ਪਰ ਅਸੀਂ ਦੋਨੋ ਹੀ ਪ੍ਰੇਸ਼ਾਨ ਸੀ ਕਿ ਮਨਪ੍ਰੀਤ ਨਾਲ ਗੱਲ ਕੌਣ ਕਰੁ ਅਤੇ ਇਹੋ ਜਹੀ ਕੁੜੀ ਕਿਵੇਂ ਲੱਭਾ ਗੇ ਜੋ ਤੈਨੂੰ ਮਾਂ ਦਾ ਪਿਆਰ ਦੇ ਸਕੇ।ਫਿਰ ਮੈਂ ਸੁਰਜੀਤ  ਭੈਣਜੀ ਨੂੰ ਹੀ ਮਨਪ੍ਰੀਤ ਨਾਲ ਗੱਲ ਕਰਨ ਨੂੰ ਬੋਲਿਆ ਕਿਓਂ ਕਿ ਭੈਣਜੀ ਦੀ ਗੱਲ ਦਾ ਤਾਂ ਉਸਨੇ ਗੁੱਸਾ ਵੀ ਨਹੀਂ ਕਰਨਾ ਅਤੇ ਗੱਲ ਵੀ ਚੁੱਪਚਾਪ ਸੁਣ ਲੈਣੀ ਆ।

ਰਾਤ ਨੂੰ ਰੋਟੀ ਖਾਣ ਤੋਂ ਬਾਅਦ ਜਦੋ ਅਸੀਂ ਸਾਰੇ ਇੱਕ ਕਮਰੇ ਚ ਬੈਠੇ ਸੀ ਤਾਂ ਸੁਰਜੀਤ ਭੈਣਜੀ ਨੇ ਮਨਪ੍ਰੀਤ ਨੂੰ ਪੁੱਛਿਆ ਕਿ,"ਪੁੱਤ,ਗੁੱਸਾ ਤਾਂ ਨਹੀਂ ਕਰੇਗਾ,ਤੇਰੇ ਨਾਲ ਗੱਲ ਕਰਨੀ ਸੀ ਜਰੂਰੀ।" ਮਨਪ੍ਰੀਤ ਮਾਯੂਸ ਜਿਹਾ ਬੋਲਿਆ," ਦੱਸੋ ਮੰਮੀ,ਕੀ ਕਹਿਣਾ ਚਾਹੁੰਦੇ ਹੋ ਤੁਸੀਂ?
ਪੁੱਤ,ਜੋਤ ਅਜੇ ਛੋਟੀ ਹੈ,ਉਸਨੂੰ ਮਾਂ ਦੀ ਲੋੜ ਹੈ,ਹੰਝੂਆਂ ਨਾਲ ਭਰੀਆਂ ਅੱਖਾਂ ਨੂੰ ਚੁੰਨੀ ਦੇ ਇੱਕ ਪਲੜੇ ਨਾਲ ਸਾਫ ਕਰਦਿਆਂ ਸੁਰਜੀਤ  ਭੈਣਜੀ  ਮਨਪ੍ਰੀਤ ਦੇ ਮੋਢੇ ਤੇ ਹੱਥ ਰੱਖਦੇ ਬੋਲੇ । ਜੇ ਤੂੰ ਕਹੇ ਤਾਂ ਅਸੀਂ ਕੁੜੀ ਲੱਭੀਏ ਤੇਰੇ ਲਈ।
ਪਰ,ਮੰਮੀ ਤੁਹਾਨੂੰ ਪਤਾ ਹੈ ਕਿ ਕੋਈ ਵੀ ਔਰਤ ਦੂਜੇ ਦੇ ਜਵਾਕ ਨੂੰ ਪਿਆਰ ਨਹੀਂ ਕਰਦੀ। ਜੇ ਉਸਨੇ ਜੋਤ ਨਾਲ ਮਤਰੇਈਆਂ ਵਾਲਾ ਸਲੂਕ ਕੀਤਾ ਤਾਂ ਮੇਰੇ ਕੋਲੋਂ ਬਰਦਾਸ਼ਤ ਨਹੀਂ

ਹੋਣਾ,ਮਨਪ੍ਰੀਤ ਨੇ ਚਿੰਤਾ ਜਤਾਉਂਦੇ ਹੋਏ ਜਵਾਬ ਦਿੱਤਾ ।

ਪੁੱਤ! ਤੂੰ ਯਕੀਨ ਰੱਖ ਅਸੀ ਵਧੀਆ ਕੁੜੀ ਹੀ ਲੱਭਾਂਗੇ।ਬਸ ਤੂੰ ਹਾਂ ਕਰਦੇ। "ਮੈ ਤੇਰੇ ਅੱਗੇ ਹੱਥ ਜੋੜਦੀ ਹਾਂ",ਸੁਰਜੀਤ ਭੈਣਜੀ ਤਰਲੇ ਪਾਉਂਦਿਆਂ ਬੋਲੀ । ਬਿਨਾਂ ਮਾਂ ਪੁੱਤ ਤੇਰੀ ਧੀ ਰੁਲ ਜੁ।

"ਪਹਿਲਾਂ ਮੰਮੀ,ਤੁਸੀਂ ਮੇਰੇ ਨਾਲ ਵਿਆਦਾ ਕਰੋ ਕਿ ਤੁਸੀਂ ਸਾਡੇ ਨਾਲ ਹਮੇਸ਼ਾ ਪਹਿਲਾ ਦੀ ਤਰ੍ਹਾਂ ਵਰਤਦੇ ਰਹੋਗੇ",ਮਨਪ੍ਰੀਤ ਨੇ ਆਪਣੀ ਸੱਸ ਦੇ ਜੁੜੇ ਹੱਥਾਂ ਨੂੰ ਆਪਣੇ ਹੱਥਾਂ ਨਾਲ ਥੱਲੇ ਕਰਦੇ ਅੱਖਾਂ ਭਰਦੇ ਹੋਏ ਬੋਲਿਆ ।

ਨਹੀਂ ਸਾਥ ਛੱਡਦੇ,ਪੁੱਤ।ਤੂੰ ਚਿੰਤਾ ਨਾ ਕਰ,ਸੁਰਜੀਤ ਭੈਣਜੀ ਨੇ ਮਨਪ੍ਰੀਤ ਦੇ ਸਿਰ ਤੇ ਪਿਆਰ ਨਾਲ ਹੱਥ ਰੱਖਦੇ ਹੋਏ ਬੋਲੇ । ਕੁੱਝ ਚਿਰ ਗੱਲਾਂ ਬਾਤਾਂ ਕਰਕੇ ਮਨਪ੍ਰੀਤ ਆਪਣੇ ਕਮਰੇ ਚ ਸੌਣ ਚਲਾ ਗਿਆ।

ਮੈਂ ਤਾਂ ਭੈਣਜੀ ਉਸੇ ਕਮਰੇ ਚ ਆਪਣੇ ਆਪਣੇ ਮੰਜੇ ਤੇ ਲੇਟ ਗਈਆਂ ।

ਧੀਏ,ਸੁਰਜੀਤ ਭੈਣਜੀ ਤਿੰਨ ਕੁ ਦਿਨ ਰਹਿ ਕੇ ਮਨਪ੍ਰੀਤ ਦੇ ਦੂਜੇ ਵਿਆਹ ਦੀ ਸਲਾਹ ਦੇ ਕੇ ਆਪਣੇ ਪਿੰਡ ਵਾਪਸ ਚਲੇਗੀ। ਫਿਰ ਜਸਨੀਤ ਦੇ ਵਾਗੀਨੇ ਤੋਂ ਬਾਅਦ ਮੈਂ ਅਤੇ ਸੁਰਜੀਤ ਭੈਣਜੀ ਨੇ ਸਾਰੇ ਰਿਸ਼ਤੇਦਾਰਾਂ ਨੂੰ ਫੋਨ ਤੇ ਕਹਿ ਦਿੱਤਾ ਕਿ ਉਹ ਮਨਪ੍ਰੀਤ ਲਈ ਕੁੜੀ ਦੇਖਣ ਕਿਓਂਕਿ ਮੈਨੂੰ ਦਿਲ ਦੀ ਬਿਮਾਰੀ ਕਰਕੇ,ਮੈਂ ਜਲਦੀ ਤੋਂ ਜਲਦੀ ਮਨਪ੍ਰੀਤ ਦਾ ਵਿਆਹ ਕਰਨਾ ਚਾਹੁੰਦੀ ਸੀ। ਘਰ ਸਾਂਭਣਾ ਹੁਣ ਮੇਰੇ ਵੱਸ ਦੀ ਗੱਲ ਵੀ ਨਹੀਂ ਸੀ।

ਦੋ ਕੁ ਮਹੀਨੇ ਬਾਅਦ ਕਿਸੇ ਰਿਸ਼ਤੇਦਾਰ ਨੇ ਬਿੰਦਰ ਦੀ ਮਨਪ੍ਰੀਤ ਲਈ ਦੱਸ ਪਾਈ । ਉਨ੍ਹਾਂ ਨੇ ਕਿਹਾ ਕਿ ਕੁੜੀ ਬਹੁਤ ਸਿਆਣੀ ਅਤੇ ਘਰ ਸਾਂਭਣ ਵਾਲੀ ਹੈ ਪਰ ਤਲਾਕਸ਼ੁਦਾ ਹੈ ।

ਮੈਂ ਸੁਰਜੀਤ ਭੈਣਜੀ ਨੂੰ ਫੋਨ  ਕਰਕੇ  ਇਸ ਰਿਸ਼ਤੇ ਬਾਰੇ ਦੱਸਿਆ ਅਤੇ ਘਰ ਆਉਣ ਨੂੰ ਬੋਲਿਆ ਤਾਂ ਜੋ ਬਹਿ ਕੇ ਸਲਾਹ ਕਰ ਸਕੀਏ । ਹਫਤੇ ਬਾਅਦ ਤੇਰਾ ਮਾਮਾ ਕੁਲਜੀਤ ਸੁਰਜੀਤ ਭੈਣਜੀ ਨੂੰ ਮੋਟਰਸਾਈਕਲ ਤੇ ਸਾਡੇ ਕੋਲ ਛੱਡ ਗਿਆ।

ਫਿਰ ਸ਼ਾਮ ਨੂੰ ਅਸੀਂ ਸਾਰੇ ਬਰਾਂਡੇ ਚ ਮੰਜੇ ਤੇ ਬੈਠੇ ਜਸਨੀਤ ਦੀਆਂ ਗੱਲਾਂ ਕਰ ਰਹੇ ਸੀ ਕਿ ਸੁਰਜੀਤ ਭੈਣਜੀ ਨੇ ਮੇਰੇ ਚਿਹਰੇ ਤੇ ਪ੍ਰੇਸ਼ਾਨੀ ਵਾਲੇ ਹਾਵ ਭਾਵ ਦੇਖ ਪੁੱਛਿਆ ਲਿਆ ," ਕੀ ਗੱਲ ਹੈ ਭੈਣਜੀ,ਪ੍ਰੇਸ਼ਾਨ ਲੱਗਦੇ ਹੋ?"ਮੈਂ ਆਪਣੇ ਮੰਨ ਵਿਚਲੇ ਡਰ ਨੂੰ  ਸ਼ਬਦਾਂ ਦਾ ਰੂਪ ਦਿੰਦੇ ਹੋਏ ਉਨ੍ਹਾਂ ਅੱਗੇ ਰੱਖਦੇ ਹੋਏ ਦੱਸਿਆ ਕਿ ," ਭੈਣਜੀ,ਕੁੜੀ ਤਾਂ ਕਹਿੰਦੇ ਵਧੀਆ ਆ, ਪਰ ਤਲਾਕਸ਼ੁਦਾ ਹੈ।"ਪਤਾ ਨਹੀਂ ਕਿਹੜੀ ਗੱਲੋਂ ਤਲਾਕ ਹੋਇਆ ਹੋਣਾ। ਇਹ ਨਾ ਹੋਵੇ ਕਿ ਸਾਰੀ ਗਲਤੀ ਕੁੜੀ ਦੀ ਹੋਵੇ ਅਤੇ ਤਲਾਕ ਵੀ ਕੁੜੀ ਕਰਕੇ ਹੋਇਆ ਹੋਵੇ।ਸੁਰਜੀਤ ਭੈਣਜੀ ਮੇਰੇ ਮੰਨ ਦੀ ਦੁਬਿਧਾ ਸਮਝ ਗਏ। ਉਨ੍ਹਾਂ ਨੇ ਮੈਨੂੰ ਸਮਝਾਇਆ  ਕਿ," ਜਰੂਰੀ ਨਹੀਂ ,ਕੁੜੀ ਗ਼ਲਤ ਹੋਵੇ।"ਕੀ ਪਤਾ ਮੁੰਡੇ ਦਾ ਕਸੂਰ ਹੋਵੇ..?

ਕੀ ਪਤਾ ਸੱਸ ਸੋਹਰੇ ਜਾਂ ਨਨਾਣ ਜਾਂ ਜਠਾਣੀ ਨੇ ਹੀ ਕੁੜੀ ਨੂੰ ਵੱਸਣ ਨਾ ਦਿੱਤਾ ਹੋਵੇ ?ਇਨ੍ਹਾਂ ਨਾ ਸੋਚੋ ਭੈਣਜੀ।ਸਾਨੂੰ ਆਪਣੇ ਕੋਲੋਂ ਹੀ ਖਿਆਲੀ ਗੱਲਾਂ ਬਣਾ ਕੇ ਕਿਸੇ ਬਾਰੇ ਵਿਚਾਰਧਾਰਾ ਨਹੀਂ ਬਣਾਉਣੀ ਚਾਹੀਦੀ।ਤੁਸੀਂ ਯਕੀਨ ਰੱਖੋ,ਸੱਚੇ ਪਾਤਸ਼ਾਹ ਉੱਤੇ ,ਸਭ ਵਧੀਆ ਕਰੂ ਵਾਹਿਗੁਰੂ,ਸੁਰਜੀਤ ਭੈਣਜੀ ਨੇ ਦੋਨੋ ਹੱਥ ਜੋੜਦੇ ਹੋਏ,ਬਰਾਂਡੇ ਚ ਲੱਗੀ ,ਗੁਰੂ ਨਾਨਕ ਦੇਵ ਜੀ ਦੀ ਫੋਟੋ ਵੱਲ ਇਸ਼ਾਰਾ ਕਰਦੇ ਹੋਏ ਮੈਨੂੰ ਸਮਝਾਇਆ ।

ਅਗਲੇ ਦਿਨ ਸਵੇਰੇ ਹੀ ਮੈਂ ਵਿਚੋਲੇ ਨੂੰ ਫੋਨ ਕਰ ਚਾਰ ਦਿਨ ਬਾਅਦ ਕੁੜੀ ਵਾਲਿਆਂ ਨਾਲ,ਵਿਚੋਲੇ ਦੇ ਘਰ ਹੀ ਮਿਲਣ ਦੀ ਸਲਾਹ ਕਰ ਲਈ ਅਤੇ ਸੁਰਜੀਤ ਭੈਣਜੀ ਨੂੰ ਬੇਨਤੀ ਕੀਤੀ ਕਿ ਹੁਣ15 ਕੁ ਦਿਨ ਉਹ ਸਾਡੇ ਕੋਲ ਹੀ ਰਹਿਣ। ਸੁਰਜੀਤ ਭੈਣ ਜੀ ਨੂੰ ਸੀ ਕਿ ਦੋ ਕੁ ਦਿਨ ਰਹਿ ਕੇ ਉਨ੍ਹਾਂ ਨੇ ਵਾਪਸ ਆਪਣੇ ਘਰ ਚਲੇ ਜਾਣਾ ਹੈ ।  ਇਸ ਲਈ ਉਹ ਦੋ

ਕੁ ਸੂਟ ਲੈ ਕੇ ਆਏ ਸੀ। ਪਰ ਜਦੋ ਮੈਂ ਉਨ੍ਹਾਂ ਨੂੰ ਕਹਿਣ ਲੱਗੀ ਕਿ ਬਿੰਦਰ ਨੂੰ ਦੇਖਣ ਉਨ੍ਹਾਂ ਨੇ ਨਾਲ ਜਾਣਾ ਹੈ ਅਤੇ ਜੇ ਕੁੜੀ ਵਧੀਆ ਲੱਗੀ ਅਸੀਂ ਵਿਆਹ ਵੀ ਨਾਲ ਕਰ ਲੈਣਾ ਅਤੇ ਉਨ੍ਹਾਂ ਨੂੰ ਕੁੱਝ ਦਿਨ ਕੋਲ ਰੱਖਣਾ ਹੈ ਤਾਂ ਉਨ੍ਹਾਂ ਨੇ ਮੇਰੀ ਗੱਲ ਮਨ ਕੇ ਤੇਰੇ ਮਾਮੇ ਨੂੰ ਫੋਨ ਕਰ 6-7 ਸੂਟ ਹੋਰ ਫੜਾ ਕੇ ਜਾਣ ਬੋਲਿਆ।ਜਦੋ ਦੂਜੇ ਦਿਨ ਤੇਰਾ ਮਾਮਾ ਕੱਪੜੇ ਦੇਣ ਆਇਆ ਤਾਂ ਅਸੀਂ ਉਸਨੂੰ ਮਨਪ੍ਰੀਤ ਦੇ ਰਿਸ਼ਤੇ ਦੀ ਗੱਲ ਵੀ ਦੱਸੀ। ਕੁਲਜੀਤ ਸਾਡੇ ਨਾਲ ਸਹਿਮਤ ਸੀ ਅਤੇ ਉਸਨੇ ਵੀ ਇਹੀ ਕਿਹਾ ਕਿ ," ਜਿਆਦਾ ਜੀਆ ਜਾਣੇ ਚੰਗੇ ਨਹੀਂ ਲੱਗਦੇ ,ਤੁਸੀਂ ਜਾ ਆਓ ।

"ਚਾਰ ਦਿਨਾਂ ਬਾਅਦ,ਜਿਸ ਦਿਨ ਅਸੀਂ ਬਿੰਦਰ ਨੂੰ ਦੇਖਣ ਜਾਣਾ ਸੀ , ਸੁਰਜੀਤ ਭੈਣਜੀ ਨੇ ਕੁਲਜੀਤ ਨੂੰ ਫੋਨ ਕਰਕੇ,ਹਰਪ੍ਰੀਤ ਨੂੰ ਆਪਣੇ ਨਾਲ ਲੈ ਕੇ ਆਉਣੇ ਨੂੰ ਬੋਲ ਦਿੱਤਾ । ਸੁਰਜੀਤ ਭੈਣਜੀ ਦਾ ਮੰਨਣਾ ਸੀ ਕਿ ਜੋਤ ਨੂੰ ਨਾਲ ਲਿਜਾਣਾ ਚੰਗਾ ਨਹੀਂ ਲੱਗਦਾ । ਇਸ ਲਈ ਤੈਨੂੰ ਤੇਰੇ ਮਾਮਾ ਮਾਮੀ ਕੋਲ ਘਰ ਛੱਡ ਕੇ ਮੈਂ,ਸੁਰਜੀਤ ਭੈਣਜੀ ਅਤੇ ਮਨਪ੍ਰੀਤ ਕਾਰ ਚ ਬੈਠ ਕੇ ਵਿਚੋਲੇ ਦੇ ਘਰ ਚਲੇਗੇ ।ਅਸੀਂ ਉਥੇ ਪਹੁੰਚ ਸਭ ਨੂੰ ਮਿਲੇ ਅਤੇ ਉਨ੍ਹਾਂ ਸਾਨੂੰ ਕਮਰੇ ਚ ਸੋਫੇ ਤੇ ਬਿਠਾ ਦਿੱਤਾ। ਅਜੇ,ਉਹ ਸਾਨੂੰ ਕੋਕ ਵਾਲੇ ਗਲਾਸ ਫੜਾ ਹੀ ਰਹੇ ਸਨ ਕਿ ਇਨ੍ਹੇ ਨੂੰ ਬਿੰਦਰ ,ਉਸਦਾ ਮਾਂ ਪਿਓ ਅਤੇ ਭਰਾ ਭਰਜਾਈ ਵੀ ਆ ਗਏ। ਬਿੰਦਰ ਨੇ ਹਲਕੇ ਗੁਲਾਬੀ ਰੰਗ ਦਾ ਫੁੱਲਾਂ ਵਾਲਾ ਪ੍ਰਿੰਟ ਸੂਟ ਪਾਇਆ ਸੀ। ਪਹਿਲੀ ਨਜ਼ਰ ਵਿੱਚ ਹੀ ਬਿੰਦਰ ਮੇਰੇ ਦਿਲ ਨੂੰ ਭਾਅ ਗਈ ਸੀ ।ਫਿਰ ਅਸੀਂ ਇੱਕ ਦੂਜੇ ਨੂੰ ਮਿਲੇ ਅਤੇ ਸਭ ਗੱਲਾਂ ਸਾਫ ਸਾਫ ਕੀਤੀਆਂ ।

ਮਨਪ੍ਰੀਤ ਨੇ ਤਾਂ ਸਾਫ ਸਾਫ ਕਹਿ ਦਿੱਤਾ ਸੀ ਕਿ ਮੇਰੀ ਇੱਕ ਧੀ ਹੈ ਜੋ ਬਹੁਤ ਛੋਟੀ ਹੈ । ਮੈਂ ਉਸ ਨਾਲ ਗਲਤ ਹੁੰਦੇ ਬਰਦਾਸ਼ਤ ਨਹੀਂ ਕਰਾਂਗਾ। ਮੈਨੂੰ ਆਪਣੀ ਧੀ ਲਈ ਮਾਂ ਚਾਹੀਦੀ ਹੈ ਅਤੇ ਇਹੋ ਜਹੀ ਪਤਨੀ ਜੋ ਘਰ ਨੂੰ ਸਾਂਭ ਅਤੇ ਪਰਿਵਾਰ ਨੂੰ ਜੋੜ ਕੇ ਰੱਖੇ। ਬਿੰਦਰ ਦੇ

ਮਾਂ ਬਾਪ ਨੇ ਭਰੋਸਾ ਦਵਾਇਆ ਕਿ ਬਿੰਦਰ , ਤੈਨੂੰ ਆਪਣੀ ਧੀ ਵਾਂਗ ਹੀ ਪਾਲੇਗੀ। ਅਸੀਂ ਮਨਪ੍ਰੀਤ ਅਤੇ ਬਿੰਦਰ ਨੂੰ ਬੋਲਿਆ ਕਿ," ਜੇ ਦੋਨੋ ਆਪਸ ਵਿੱਚ ਇਕੱਲੇ ਬੈਠਕੇ ਗੱਲ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ।" ਪਰ ਦੋਨਾਂ ਨੇ ਮਨ੍ਹਾਂ ਕਰ ਦਿੱਤਾ।ਅਸੀਂ ਬਿੰਦਰ ਨੂੰ ਪਿਆਰ ਦਿੱਤਾ ਅਤੇ ਬਿੰਦਰ ਦੇ ਮਾਪਿਆਂ ਨੇ ਮਨਪ੍ਰੀਤ ਨੂੰ। ਫਿਰ ਅਸੀਂ ਸਲਾਹ ਕੀਤੀ ਕਿ ਵਿਆਹ ਬਿਲਕੁਲ ਸਾਦੇ ਢੰਗ ਨਾਲ ਕੀਤਾ ਜਾਵੇਗਾ। ਦੋਨਾਂ ਪਰਿਵਾਰਾਂ ਤੋਂ ਬਿਨਾਂ,ਕੋਈ ਵੀ ਇਸ ਵਿਆਹ ਚ ਸ਼ਾਮਿਲ ਨਹੀਂ ਹੋਵੇਗਾ ।

ਸੁਰਜੀਤ ਭੈਣਜੀ ਨੇ ਸਿੱਧਾ ਹੀ ਬਿੰਦਰ ਦੇ ਮਾਪਿਆਂ ਨੂੰ ਕਹਿ ਦਿੱਤਾ ਸੀ ਕਿ," ਅਸੀਂ ਤੁਹਾਡੇ ਘਰ ਨਹੀਂ ਆਉਣਾ।" ਗੁਰੂਦਵਾਰਾ ਸਾਹਿਬ ਤੋਂ ਫੇਰੇ ਕਰ ਕੇ ਬਿੰਦਰ ਨੂੰ ਆਪਣੇ ਘਰ ਲੈ ਜਾਣਾ ਹੈ। ਸਾਰੀਆਂ ਗੱਲਾਂ ਤੇ ਵਿਚਾਰ ਕਰਕੇ,ਪੰਦਰਾਂ ਦਿਨ ਬਾਅਦ ਵਿਆਹ ਦੀ ਤਰੀਕ ਪੱਕੀ ਕਰ,ਅਸੀਂ ਘਰ ਆ ਗਏ।ਸ਼ਾਮ ਨੂੰ ਘਰ ਪਹੁੰਚ ਕੇ ਸੁਰਜੀਤ ਭੈਣਜੀ ਨੇ ਤੇਰੇ ਮਾਮੇ ਕੁਲਜੀਤ ਅਤੇ ਮਾਮੀ ਨੂੰ ਦੱਸਿਆ," ਕਿ ਸਾਂਨੂੰ ਕੁੜੀ ਪਸੰਦ ਆ ਗਈ ਅਤੇ ਅਸੀਂ ਰਿਸ਼ਤੇ ਲਈ ਹਾਂ ਕਰ ਆਏ ਹਾਂ।"

15 ਦਿਨ ਬਾਅਦ ਦਾ ਵਿਆਹ ਮਿੱਥ ਲਿਆ ਹੈ । ਹੁਣ ਮੈਂ ਪੁੱਤ,15-20 ਦਿਨ ਬਾਅਦ ਹੀ ਘਰ ਆਵਾਂਗੀ। ਮੇਰੇ ਬਿਮਾਰ ਰਹਿਣ ਕਰਕੇ,ਭੈਣਜੀ ਨੇ ਮੇਰੀ ਗੱਲ ਮਨ ਕੇ ਇਹ ਫੈਸਲਾ ਲਿਆ ਸੀ । ਸਾਡੇ ਆਉਣ ਤੋਂ ਥੋੜ੍ਹੇ ਸਮੇ ਬਾਅਦ,ਤੇਰੇ ਮਾਮਾ ਮਾਮੀ ਵੀ ਆਪਣੇ ਘਰ ਚਲੇ ਗਏ ਕਿਓਂਕਿ ਉਨ੍ਹਾਂ ਦੇ ਬੱਚੇ ਵੀ ਇਕੱਲੇ ਸੀ ਘਰ।ਭਾਵੇ ,ਅਸੀਂ ਕੋਈ ਸ਼ਗੁਨ ਵਿਹਾਰ ਨਹੀਂ ਕਰਨਾ ਸੀ। ਪਰ ਸੁਰਜੀਤ ਭੈਣਜੀ ਨੇ ਸਲਾਹ ਦਿੱਤੀ ਕਿ ," ਸਾਨੂੰ ਬਿੰਦਰ ਦੇ 5-7 ਸੂਟ ਬਣਾਉਣੇ ਚਾਹੀਦੇ ਹਨ।" ਦੂਸਰੇ ਦਿਨ ਮਨਪ੍ਰੀਤ ਮੈਨੂੰ,ਤੇਰੀ ਨਾਨੀ ਅਤੇ ਤੈਨੂੰ ਨਾਲ ਲੈ ਕੇ ਕਾਰ ਤੇ ਬਾਜ਼ਾਰ ਲੈ ਗਿਆ। ਮੈਂ ਅਤੇ ਸੁਰਜੀਤ ਭੈਣਜੀ ਨੇ ਇੱਕ ਹੀ ਦੁਕਾਨ ਤੋਂ ਬਿੰਦਰ ਲਈ ਸੂਟ ਖਰੀਦ ਕੇ ਘਰ ਆ ਗਈਆਂ।

ਇੱਕ ਰਾਤ ਨੂੰ ਬੈਠੇ ਅਸੀਂ ਗੱਲਾਂ ਕਰ ਰਹੇ ਸੀ ਕਿ ਮਨਪ੍ਰੀਤ ਨੂੰ ਉਦਾਸ ਅਤੇ ਗੁੰਮਸੁਮ ਬੈਠੇ ਦੇਖ ਕੇ ਮੈਂ ਪੁੱਛਿਆ,"ਪੁੱਤ,ਕੀ ਗੱਲ ਇਨ੍ਹਾਂ ਪ੍ਰੇਸ਼ਾਨ ਕਿਓਂ ਹੈ..?

ਮੰਮੀ,ਮੇਰਾ ਇਕੱਲੇ ਦਾ ਚਿੱਤ ਨਹੀਂ ਕਰਦਾ ਵਿਆਹ ਵਾਲੇ ਦਿਨ ਜਾਣ ਨੂੰ।ਕੀ ਮੈਂ ਕੁਲਜੀਤ ਵੀਰੇ ਨੂੰ ਫੋਨ ਕਰਕੇ ਕਹਿ ਦੇਵਾ ਕਿ ਉਹ ਤਿਆਰ ਰਹਿਣ,ਉਨ੍ਹਾਂ ਨੇ ਵਿਆਹ ਵਾਲੇ ਦਿਨ ਮੇਰੇ ਨਾਲ ਜਾਣਾ ਹੈ, ਇਹ ਕਹਿੰਦਿਆਂ ਮਨਪ੍ਰੀਤ ਦੀਆਂ ਅੱਖਾਂ ਵਿੱਚ ਉਦਾਸੀ ਸੀ।ਮਾਂ ਸੀ ਨਾ...! ਸਮਝ ਸਕਦੀ ਸੀ ਕਿ ਮੇਰੇ ਪੁੱਤ ਤੇ ਕੀ ਬੀਤ ਰਹੀ ਹੈ।ਸੁਰਜੀਤ ਭੈਣਜੀ ਵੀ ਮਨਪ੍ਰੀਤ ਦੀ ਮਾਨਸਿਕਤਾ ਸਮਝਦੇ ਹੋਏ ਬੋਲੇ ਵੀ ਕੁਲਜੀਤ ਨੂੰ ਬੁਲਾ ਲੋ। ਮਨਪ੍ਰੀਤ ਦਾ ਸਾਥ ਰਹੂ।

ਫਿਰ ਮੈਂ ਮਨਪ੍ਰੀਤ ਨੂੰ ਫੋਨ ਮਲਾਉਣ ਨੂੰ ਬੋਲਿਆ ਅਤੇ ਕਿਹਾ ਕਿ ਮੈਂ ਕੁਲਜੀਤ ਨੂੰ ਕਹਿੰਦੀ ਹਾਂ ਕਿ ਉਹ ਵਿਆਹ ਵਾਲੇ ਦਿਨ ਆ ਜਾਵੇ।" ਜਦੋ ਤੇਰੇ ਮਾਮੇ ਨੂੰ ਫੋਨ ਕੀਤਾ ਅਤੇ ਸਾਰੀ ਗੱਲ ਦੱਸੀ ਤਾਂ ਉਹ ਆਉਣ ਲਈ ਮੰਨ ਗਿਆ।ਵਿਆਹ ਵਾਲੇ ਦਿਨ ਮੈਂ,ਸੁਰਜੀਤ ਭੈਣਜੀ,ਮਨਪ੍ਰੀਤ ਅਤੇ ਤੇਰਾ ਮਾਮਾ ,ਅਸੀਂ ਸਾਰੇ ਕਾਰ ਚ ਬੈਠ ਕੇ ਬਿੰਦਰ ਦੇ ਸ਼ਹਿਰ ਵਿੱਚ ਪੈਂਦੇ ਗੁਰੂਦਵਾਰਾ ਸਾਹਿਬ ਵਿਚ ਫੇਰੇ ਕਰਨ ਲਈ ਪਹੁੰਚਗੇ। ਬਿੰਦਰ ਹੋਣੀ ਪਹਿਲਾ ਹੀ ਉਥੇ ਪਹੁੰਚੇ ਹੋਏ ਸਨ। ਬਿੰਦਰ ਅਤੇ ਮਨਪ੍ਰੀਤ ਨੇ ਬਹੁਤ ਸਾਦੇ ਕੱਪੜੇ ਪਾਏ ਹੋਏ ਸਨ।ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਦੋਨਾਂ ਨੇ ਫੇਰੇ ਲਏ ਅਤੇ ਫਿਰ ਅਸੀਂ ਬਿੰਦਰ ਦੇ ਮਾਪਿਆਂ ਤੋਂ ਆਗਿਆ ਲੈ ਕੇ ਬਿੰਦਰ ਨੂੰ ਕਾਰ ਵਿੱਚ ਬਿਠਾ ਆਪਣੇ ਘਰ ਲੈ ਆਏ । ਵਿਆਹ ਵਿੱਚ ਕੋਈ ਵੀ ਸ਼ਗੁਨ ਨਹੀਂ ਕੀਤਾ ਗਿਆ ਸੀ। ਬਹੁਤ ਸਧਾਰਨ ਜਹੇ ਢੰਗ ਨਾਲ ਬਿੰਦਰ ਅਤੇ ਮਨਪ੍ਰੀਤ ਦਾ ਵਿਆਹ ਹੋਇਆ। ਵਿਆਹ ਤੋਂ ਤੀਜੇ ਦਿਨ ਬਾਅਦ ਤੇਰੀ ਨਾਨੀ ਅਤੇ ਮਾਮਾ ਵਾਪਸ ਚਲੇਗੇ।

( ਆਪਣੇ ਆਪਣੇ ਪਿੰਡ ਦੇ ਅਲੱਗ ਅਲੱਗ ਰਿਵਾਜਾਂ ਦੇ ਅਨੁਸਾਰ ਰੰਡੇ ਬੰਦੇ( ਜਿਸ ਦੀ

ਪਤਨੀ ਮਰ ਗਈ ਹੋਵੇ) ਦੇ ਵਿਆਹ ਬਿਲਕੁਲ ਸਾਦੇ ਤਰੀਕੇ ਨਾਲ ਕੀਤਾ ਜਾਂਦਾ ਹੈ।

ਕੁੱਝ ਕੁ ਦਿਨਾਂ ਵਿੱਚ ਹੀ ਬਿੰਦਰ ਨੇ ਘਰ ਨੂੰ ਬਹੁਤ ਵਧੀਆ ਤਰੀਕੇ ਨਾਲ ਸੰਭਾਲ ਲਿਆ ਜਿਵੇ ਜਸਨੀਤ ਸੰਭਾਲਿਆ ਕਰਦੀ ਸੀ। ਪਰ, ਤੂੰ ਬਿੰਦਰ ਦੇ ਛੇਤੀ ਕੋਲ ਨਹੀਂ ਸੀ ਆਉਂਦੀ।ਜੇ ਅਸੀਂ ਤੈਨੂੰ ਕਹਿਣਾ ਕਿ ਇਹ ਤੇਰੀ ਮੰਮੀ ਹੈ ਅਤੇ ਬਿੰਦਰ ਨੇ ਤੈਨੂੰ ਚੁੱਕਣ ਦੀ ਕੋਸ਼ਿਸ਼ ਕਰਨੀ ਤਾਂ ਤੂੰ ਇਹੀ ਕਹਿਣਾ ਕਿ ਇਹ ਮੇਰੀ ਮੰਮੀ ਨਹੀਂ । ਮੈਂ ਆਪਣੀ ਮੰਮੀ ਕੋਲ ਜਾਣਾ ਹੈ ਅਤੇ ਕਹਿਣਾ,ਮੇਰੀ ਮੰਮੀ ਤਾਂ ਲੰਬੀ ਅਤੇ ਗੋਰੀ ਸੀ । ਇਹ ਛੋਟੀ ਅਤੇ ਮੋਟੀ ਆ।ਤੂੰ ਬਹੁਤ ਜਿਆਦਾ ਜਿੱਦੀ ਅਤੇ ਸ਼ਰਾਰਤੀ ਹੋਈ ਜਾਂਦੀ ਸੀ ਪਰ ਬਿੰਦਰ ਹਮੇਸ਼ਾ ਤੈਨੂੰ ਪਿਆਰ ਹੀ ਕਰਦੀ । ਕਦੇ ਵੀ ਕੁੱਝ ਨਹੀਂ ਕਹਿੰਦੀ। ਬਿੰਦਰ ਦੇ ਪਿਆਰ ਕਰਕੇ ਹੀ ਹੋਲੀ ਹੋਲੀ ਤੂੰ ਉਸ ਨਾਲ ਘੁੱਲਣ ਲੱਗ ਗਈ। ਬਿੰਦਰ ਨੇ ਤੈਨੂੰ ਹਰ ਰੋਜ ਨਹਾ ਕੇ ਸੋਹਣੇ ਕੱਪੜੇ ਪਾਉਣੇ ਅਤੇ ਆਪਣੇ ਹੱਥਾਂ ਨਾਲ ਰੋਟੀ ਖਵਾਉਣੀ ।

ਜੇ ਮੈਂ ਕਦੇ ਬਿੰਦਰ ਨੂੰ ਕਹਿਣਾ ਕਿ," ਬਿੰਦਰ ਝਿੜਕਿਆ ਕਰ,ਜਦੋ ਜਿਆਦਾ ਇਲਤਾਂ ਕਰਦੀ ਹੈ।" ਬਿੰਦਰ ਦਾ ਇੱਕੋ ਹੀ ਜਵਾਬ ਹੁੰਦਾ," ਮੰਮੀ,ਛੋਟੀ ਹੈ,ਹੁਣ ਨਹੀਂ ਸ਼ੈਤਾਨੀਆਂ ਕਰੂ ਤਾਂ ਕਦ ਕਰੂ।" ਬਿੰਦਰ ਨੇ ਤੈਨੂੰ ਆਪਣੇ ਨਾਲ ਬੈਡ ਤੇ ਹੀ ਸਵਾਉਣਾ।ਮੈਂ ਬਥੇਰਾ ਕਹਿਣਾ ਕਿ," ਜੋਤ ਨੂੰ ਮੇਰੇ ਕੋਲ ਸੁੱਤੇ ਰਹਿਣ ਦੇ।" ਪਰ ,ਬਿੰਦਰ ਨੇ ਤੈਨੂੰ ਮੇਰੇ ਮੰਜੇ ਤੋਂ ਚੱਕ ਕੇ ਲਿਜਾਂਦੀ ਨੇ ਇਹੀ ਕਹਿਣਾ," ਮੇਰੀ ਧੀ ਮੇਰੇ ਨਾਲ ਹੀ ਸੋਵੇਗੀ।"ਵਿਆਹ ਤੋਂ ਕੁੱਝ ਕੁ ਦਿਨ ਬਾਅਦ ਮਨਪ੍ਰੀਤ ਅਤੇ ਬਿੰਦਰ ਤੇਰੇ ਪਹਿਲੇ ਨਾਨਕੇ , ਉਨ੍ਹਾਂ ਨੂੰ ਮਿਲਣ ਗਏ । ਦਰਅਸਲ ਤੇਰੀ ਨਾਨੀ ਅਤੇ ਮਾਮੀਆਂ ਨੇ ਹੀ ਫੋਨ ਕਰਕੇ ਸੱਦਿਆ ਸੀ ਕਿ ਆ ਕੇ ਮਿਲ ਜਾਓ।

ਉਥੇ ਤੇਰੀਆਂ ਮਾਸੀਆਂ ਵੀ ਆਈਆਂ ਹੋਈਆਂ ਸਨ।ਸਭ ਨੇ ਬਿੰਦਰ ਨਾਲ ਬਹੁਤ ਵਧੀਆ ਵਿਵਹਾਰ ਕੀਤਾ। ਕਿਸੇ ਨੇ ਬਿੰਦਰ ਨੂੰ ਮਹਿਸੂਸ ਹੀ ਨਹੀਂ ਹੋਣ ਦਿੱਤਾ ਕਿ ਉਹ ਪਰਾਈ

ਹੈ।ਜਦੋ ਸ਼ਾਮ ਨੂੰ ਬਿੰਦਰ ਅਤੇ ਮਨਪ੍ਰੀਤ ਵਾਪਸ ਆਉਣ ਲੱਗੇ ਤਾਂ ਤੇਰੀ ਮਾਸੀ ਸੰਦੀਪ ਬਿੰਦਰ ਨੂੰ ਕਹਿਣ ਲੱਗੀ ਕਿ," ਜੋਤ ਨੂੰ ਸਾਡੇ ਕੋਲ ਛੱਡ ਜਾਉ।"ਅਸੀਂ ਪਰਸੋ ਛੱਡ ਜਾਵਾਂਗੇ। ਤੇਰੀ ਮਾਸੀ ਦੇ ਜਿੱਦ ਕਰਨ ਤੇ ਮਨਪ੍ਰੀਤ ਤੈਨੂੰ ਉਥੇ ਛੱਡਣ ਲਈ ਮੰਨ ਗਿਆ ਅਤੇ ਬਿੰਦਰ ਨੂੰ ਲੈ ਕੇ ਘਰ ਵਾਪਸ ਆ ਗਿਆ।ਦੋ ਦਿਨ ਰੁੱਕ ਕੇ ਤੇਰੀ ਨਾਨੀ ਅਤੇ ਮਾਮਾ ਤੈਨੂੰ ਛੱਡਣ ਸਾਡੇ ਕੋਲ ਆਏ । ਤੇਰੀ ਨਾਨੀ ਤੇਰੇ ਮਾਮੇ ਨੂੰ ਵਾਪਸ ਭੇਜ ਕੇ ਸਾਡੇ ਕੋਲ ਰਹਿ ਗਈ ।

ਸ਼ਾਮ ਨੂੰ ਜਦੋ ਅਸੀਂ ਬਾਹਰ ਮੰਜੇ ਤੇ ਬੈਠੇ ਗੱਲਾਂ ਕਰ ਰਹੇ ਸੀ ਤਾਂ ਤੇਰੀ ਨਾਨੀ ਬਿੰਦਰ ਨੂੰ ਆਵਾਜ਼ ਮਾਰ ਆਪਣੇ ਕੋਲ ਬਿਠਾ ਕੇ ਸਮਝਾਉਣ ਲੱਗੀ," ਪੁੱਤ,ਜੋਤ ਤੇਰੀ ਧੀ ਆ ।"

ਇਹ ਹੁਣ ਤੇਰੇ ਤੇ ਨਿਰਭਰ ਆ ਕਿ ਤੂੰ ਇਸਨੂੰ ਚੰਗੀ ਸਿੱਖਿਆ ਦੇਣੀ ਹੈ ਜਾਂ ਮਾੜੀ।ਜੇ ਜੋਤ ਗਲਤੀ ਕਰਦੀ ਹੈ ਤਾਂ ਇਹ ਹੁਣ ਤੇਰਾ ਫਰਜ਼ ਆ ਇਸ ਨੂੰ ਸਮਝਾਉਣਾ,ਚੰਗੀ ਅਕਲ ਮੱਤ ਦੇਣਾ,ਗਲਤੀ ਤੇ ਗੁੱਸੇ ਹੋਣਾ।ਮੈਂ ਨਹੀਂ ਚਾਹੁੰਦੀ ਕੇ ਕੱਲ ਨੂੰ, ਕੋਈ ਇਹ ਕਹੇ ਕੇ,ਮਤਰੇਈ ਸੀ ਤਾਂ ਹੀ ਅਕਲ ਨਹੀਂ ਦਿੱਤੀ। ਇਹ ਨਾ ਕਦੇ ਸੋਚੀ ਕਿ ਜੇ ਜੋਤ ਨੂੰ ਤੂੰ ਗਲਤੀ ਤੋਂ ਡਾਂਟੇਗੀ ਤਾਂ ਅਸੀਂ ਤੈਨੂੰ ਗਲਤ ਸਮਝਾਂਗੇ। ਸਗੋਂ,ਸਾਂਨੂੰ ਤਾਂ ਖੁਸ਼ੀ ਹੋਵੇਗੀ ਕਿ ਤੂੰ ਉਸਨੂੰ ਅਕਲ ਦੇ ਰਹੀ ਹੈ।

ਹੁਣ,ਜੋਤ ਨੂੰ ਤੂੰ ਆਪਣੀ ਧੀ ਸਮਝ ਕੇ ਪਾਲਣਾ ਆ।ਜਸਨੀਤ ਦੇ ਜਿੰਨ੍ਹੇ ਸਵਾਸ ਸੀ ਉਹ ਪੂਰੇ ਕਰਕੇ ਚਲੇਗੀ।ਮੇਰੇ ਲਈ ਤੂੰ ਹੀ ਮੇਰੀ ਜਸਨੀਤ ਆ। ਜਸਨੀਤ ਦਾ ਪਰਿਵਾਰ ਵੀ ਤੇਰਾ ਆਪਣਾ ਪਰਿਵਾਰ ਹੈ। ਤੂੰ ਆਪਣੇ ਪੇਕੇ ਹੀ ਸਮਝ ਸਾਂਨੂੰ।ਹੁਣ ,ਜੋਤ ,ਮਨਪ੍ਰੀਤ ਅਤੇ ਇਸ ਘਰ ਦੀ ਜਿੰਮੇਵਾਰੀ ਤੇਰੇ ਤੇ ਆ, ਕਹਿੰਦਿਆਂ ਤੇਰੀ ਨਾਨੀ ਦਾ ਗਲਾ ਭਰ ਆਇਆ।ਠੀਕ ਆ ਬੀਜੀ ਕਹਿ ਕੇ ਬਿੰਦਰ ਨੇ ਹੁੰਗਾਰਾ ਭਰਿਆ।ਕੁੱਝ ਮਿੰਟ ਰੁਕ ਕੇ ਸੁਰਜੀਤ ਭੈਣਜੀ ਬਿੰਦਰ ਦਾ ਹੱਥ ਫੜ੍ਹ ਫਿਰ ਕਹਿਣ ਲੱਗੇ," ਇੱਕ ਗੱਲ ਹੋਰ ਸੁਣ

ਧੀਏ ,ਹੁਣ ਕਦੇ ,ਤੂੰ ਜੋਤ ਨੂੰ ਓਹਦੇ ਨਾਨਕੇ ਇੱਕਲੀ ਨੂੰ ਨਹੀਂ ਭੇਜੇਗੀ। ਨਹੀਂ ਤਾਂ,ਜੋਤ ਤੁਹਾਡੇ ਤੋਂ ਦੂਰ ਹੋਰ ਜਾਵੇਗੀ।

ਪਰ ਬੀਜੀ,ਉਹ ਤਾਂ ਜੋਤ ਦੇ ਨਾਨਕੇ ਹਨ।ਮੈਂ ਕਿਵੇਂ ਜੋਤ ਨੂੰ ਉੱਥੇ ਜਾਣ ਅਤੇ ਰਹਿਣ ਤੋਂ ਰੋਕ ਸਕਦੀ ਹਾਂ...? ਉਨ੍ਹਾਂ ਦਾ ਪਹਿਲਾ ਹੱਕ ਹੈ ਜੋਤ ਉੱਪਰ ਅਤੇ ਹਮੇਸ਼ਾ ਰਹੇਗਾ ਵੀ", ਪਿਆਰ ਨਾਲ ਬਿੰਦਰ ਸੁਰਜੀਤ ਭੈਣਜੀ ਨੂੰ ਕਹਿਣ ਲੱਗੀ।

ਧੀਏ! ਚਾਹੇ ਉਹ ਮੇਰਾ ਪਰਿਵਾਰ ਹੈ। ਪਰ, ਮੈਂ ਨਹੀਂ ਚਾਹੁੰਦੀ ਕਿ ਕਿਸੇ ਦੇ ਮੂੰਹੋ ਜੋਤ ਅੱਗੇ ਇਹ ਨਿੱਕਲੇ ਕੇ ਉਸਦੀ ਮੰਮੀ ਜਸਨੀਤ ਹੈ ਜਾਂ ਕੁੱਝ ਹੋਰ ਨਿਕਲੇ ਅਤੇ ਇਹੋ ਜਹੀਆਂ ਗੱਲਾਂ ਸੁਣ ਕੇ ਜੋਤ ਦੇ ਦਿਮਾਗ ਤੇ ਮਾੜਾ ਅਸਰ ਪਵੇ। ਮੈਂ ਨਹੀਂ ਚਾਹੁੰਦੀ ਕਿ ਰਿਸ਼ਤਿਆਂ ਚ ਨਿੱਕੀ ਨਿਕੀ ਗੱਲੋਂ ਵਿੱਥਾ ਪੈਣ,ਥੋੜਾ ਭਾਵੁਕ ਹੁੰਦੇ ਸੁਰਜੀਤ ਭੈਣਜੀ ਨੇ ਬਿੰਦਰ ਨੂੰ ਸਮਝਾਇਆ ।ਉਸ ਦਿਨ ਤੋਂ ਬਾਅਦ ਬਿੰਦਰ ਨੇ ਬੜੇ ਪਿਆਰ ਨਾਲ ਤੈਨੂੰ ਸੰਭਾਲਣਾ ਅਤੇ ਨਾਲ ਹੀ ਤੇਰੀ ਗ਼ਲਤੀ ਤੇ ਤੈਨੂੰ ਸਮਝਾਉਣਾ ਵੀ ਸ਼ੁਰੂ ਕਰ ਦਿੱਤਾ। ਫਿਰ ਇੱਕ ਦਿਨ,ਜਦੋ ਅਸੀਂ ਸਾਰੇ ਵਿਹੜੇ ਵਿੱਚ ਬੈਠੇ ਸੀ ਤਾਂ ਤੇਰਾ ਸਕੂਲ ਚ ਦਾਖਲਾ ਕਰਵਾਉਣ ਦੀ ਗੱਲ ਚੱਲੀ।

ਤੇਰੇ ਦਾਖਲੇ ਦੇ ਨਾਲ ਨਾਲ , ਚਿੰਤਾ ਇਹ ਵੀ ਸੀ ਕਿ ਤੇਰੀ ਮੰਮੀ ਦਾ ਨਾਮ ਕੀ ਲਿਖਾਇਆ ਜਾਵੇ ਕਿਓਂਕਿ ਤੇਰੇ ਜਨਮ ਸਰਟੀਫਿਕੇਟ ਤੇ ਤੇਰੀ ਮੰਮੀ ਜਸਨੀਤ ਦਾ ਨਾਮ ਸੀ। ਫਿਰ ਬਿੰਦਰ ਨੇ ਸਲਾਹ ਦਿੱਤੀ ਕਿ ਅਸੀਂ ਜੋਤ ਦੇ ਜਨਮ ਸਰਟੀਫਿਕੇਟ ਤੇ ਜਸਨੀਤ ਦਾ ਨਾਮ ਕਟਵਾ ਕੇ ਮੇਰਾ(ਬਿੰਦਰਜੀਤ ) ਨਾਮ ਲਿਖਾਵਾਂਗੇ। ਇਸ ਨਾਲ ਜੋਤ ਨੂੰ ਵੀ ਕਦੇ ਪਤਾ ਨਹੀਂ ਲੱਗੇਗਾ ਕਿ ਮੈਂ ਉਸਦੀ ਸਕੀ ਮਾਂ ਨਹੀਂ ਹਾਂ।

ਅਸੀਂ ਸਾਰੇ ਬਿੰਦਰ ਦੀ ਇਸ ਗੱਲ ਨਾਲ ਸਹਿਮਤ ਸਾਂ ਪਰ ਮੈਂ ਬਿੰਦਰ ਅਤੇ ਮਨਪ੍ਰੀਤ ਨੂੰ ਸਮਝਾਇਆ ਕਿ,"ਤੁਸੀਂ ਇੱਕ ਵਾਰ ਸੁਰਜੀਤ ਭੈਣਜੀ ਨੂੰ ਪੁੱਛ ਲੋ। ਆਖਿਰਕਾਰ ਜਸਨੀਤ

ਉਨ੍ਹਾਂ ਦੀ ਧੀ ਅਤੇ ਜੋਤ ਦੋਹਤੀ ਹੈ।ਜਿਨਾਂ ਜੋਤ ਤੇ ਸਾਡਾ ਹੱਕ ਹੈ ਉਨਾਂ ਹੀ ਜੋਤ ਦੇ ਸਕੇ ਨਾਨਕਿਆਂ ਦਾ ਵੀ ਹੈ। ਕੱਲ ਨੂੰ ਉਹ ਇਹ ਨਾ ਕਹਿਣ ਕੇ,ਸਾਡੀ ਧੀ ਕੀ ਪੂਰੀ ਹੋਗੀ ਇਨ੍ਹਾਂ ਨੇ ਸਾਡੀ ਧੀ ਦਾ ਨਾਮ ਵੀ ਜੋਤ ਦੇ ਸਰਟੀਫਿਕੇਟ ਤੋਂ ਕੱਟਵਾ ਦਿੱਤਾ।ਮੈਂ, ਮਨਪ੍ਰੀਤ ਅਤੇ ਬਿੰਦਰ ਨੂੰ ਅਗਲੇ ਦਿਨ ਹੀ ਤੇਰੇ ਪਹਿਲੇ ਨਾਨਕੇ ਭੇਜਿਆ।

ਪਰ,ਜਦੋ ਮਨਪ੍ਰੀਤ ਅਤੇ ਬਿੰਦਰ ਨੇ ਉੱਥੇ ਜਾ ਕੇ ਤੇਰੇ ਜਨਮ ਸਰਟੀਫਿਕੇਟ ਤੋਂ ਜਸਨੀਤ ਦੀ ਜਗ੍ਹਾ ਬਿੰਦਰ ਦਾ ਨਾਮ ਬਦਲਣ ਦੀ ਗੱਲ ਕੀਤੀ ਤਾਂ ਤੇਰੀ ਨਾਨੀ ਨੇ ਇਨ੍ਹਾਂ ਹੀ ਪਿਆਰ ਨਾਲ ਬੋਲਿਆ ਬਿੰਦਰ ਨੂੰ ਕਿ,"ਧੀਏ!ਜੋਤ ਹੁਣ ਤੇਰੀ ਧੀ ਹੈ,ਤੈਨੂੰ ਜੋ ਓਹਦੇ ਲਈ ਸਹੀ ਲੱਗਦਾ ਕਰ।" ਸਾਡੇ ਨਾਲੋਂ ਜਿਆਦਾ ਤੂੰ ਦੇਖਣਾ ਹੈ ਕਿ ਜੋਤ ਦੇ ਭਲੇ ਲਈ ਕੀ ਸਹੀ ਅਤੇ ਕੀ ਗ਼ਲਤ ਹੈ।ਸਾਡੇ ਕੋਲ ਆ ਕੇ ,ਵਾਰ ਵਾਰ ਆਗਿਆ ਲੈਣ ਦੀ ਕੋਈ ਲੋੜ ਨਹੀਂ ਤੈਨੂੰ। ਮੈਂ ਤੈਨੂੰ ਪਹਿਲਾ ਵੀ ਬੋਲਿਆ ਸੀ ਧੀਏ! ਤੂੰ ਮੇਰੇ ਲਈ ਜਸਨੀਤ ਆ, ਸੁਰਜੀਤ ਭੈਣਜੀ ਇਹ ਕਹਿੰਦੇ ਭਾਵੁਕ ਹੋ ਗਏ ਸਨ ।ਉਥੋਂ ਵਾਪਸ ਆ ਕੇ ਮਨਪ੍ਰੀਤ ਨੇ ਕਿਸੇ ਏਜੇਂਟ ਨੂੰ ਪੈਸੇ ਦੇ ਕੇ ਤੇਰੇ ਜਨਮ ਸਰਟੀਫਿਕੇਟ ਤੇ ਜਸਨੀਤ ਦੀ ਜਗ੍ਹਾ ਬਿੰਦਰ ਦਾ ਨਾਮ ਬਦਲਣ ਲਈ ਕਹਿ ਦਿੱਤਾ।

ਜਸਨੀਤ ਦੀਆਂ ਸਾਰੀਆਂ ਫੋਟੋ ਅਤੇ ਜਸਨੀਤ ਮਨਪ੍ਰੀਤ ਦੇ ਵਿਆਹ ਦੀ ਐਲਬਮ ਵੀ ਪੇਟੀ ਵਿੱਚ ਰੱਖ ਦਿੱਤਾ ਤਾਂ ਜੋ ਤੈਨੂੰ ਕਦੇ ਵੀ ਇਹ ਸੱਚ ਨਾ ਪਤਾ ਲੱਗੇ ਕਿ ਤੇਰੀ ਮੰਮੀ ਬਿੰਦਰ ਨਹੀਂ ਹੈ।ਜਦੋ ਤੇਰੇ ਜਨਮ ਸਰਟੀਫਿਕੇਟ ਸਹੀ ਬਣ ਕੇ ਆ ਗਿਆ ਤਾਂ ਫਿਰ ਤੇਰਾ ਦਾਖਲਾ ਅਸੀਂ St. Joseph's Convent ਸਕੂਲ ਕਰਵਾ ਦਿੱਤਾ ਕਿਓਂਕਿ ਉਸਦੀ ਬਸ ਹਰ ਰੋਜ ਆਪਣੇ ਘਰ ਕੋਲੋਂ ਲੰਘਦੀ ਸੀ। ਬਿੰਦਰ ਨੇ ਹਰ ਰੋਜ ਸਵੇਰੇ ਤੈਨੂੰ ਤਿਆਰ ਕਰਕੇ,ਰੋਟੀ ਖਵਾ,ਆਪ ਬਸ ਚ ਚੜ੍ਹਾ ਕੇ ਆਉਣਾ ਅਤੇ ਫਿਰ ਸ਼ਾਮ ਨੂੰ ਤੇਰੀ ਬਸ ਦੇ ਆਉਣ ਤੋਂ ਪਹਿਲਾ ਬਾਹਰ ਗੇਟ ਕੋਲ ਖੜ੍ਹ ਜਾਣਾ ਤੈਨੂੰ ਲੈ ਕੇ ਆਉਣ ਲਈ। ਇਸ ਕਰਕੇ

ਤੇਰੇ ਸਕੂਲ ਸਰਟੀਫਿਕੇਟ ਉੱਪਰ ਵੀ ਜਸਨੀਤ ਦਾ ਨਹੀਂ,ਬਿੰਦਰ ਦਾ ਨਾਮ ਹੈ।ਤੈਨੂੰ ਤੇਰੇ ਸਕੇ ਨਾਨਕਿਆਂ ਕੋਲ ਵੀ ਇਕੱਲੀ ਨੂੰ ਨਹੀਂ ਜਾਣ ਦਿੱਤਾ ਜਾਂਦਾ ਸੀ । ਤੂੰ ਬਿੰਦਰ ਅਤੇ ਮਨਪ੍ਰੀਤ ਦੇ ਨਾਲ ਜਾਂਦੀ ਅਤੇ ਨਾਲ ਹੀ ਆ ਜਾਂਦੀ। ਸੁਰਜੀਤ ਭੈਣਜੀ ਦਾ ਜਦੋ ਦਿਲ ਕਰਦਾ ਸਾਡੇ ਕੋਲ ਆ ਕੇ ਹਫਤਾ ਹਫਤਾ ਰਹਿ ਜਾਂਦੇ।ਪਰ ਇਹ ਵੀ ਸੱਚ ਹੈ ਕਿ ਬਿੰਦਰ ਦੇ ਪੇਕਿਆਂ ਨੇ ਵੀ ਕਦੇ ਤੇਰੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਸੀ। ਸਗੋਂ ਉਹ ਤੇਰਾ ਤੇਰੇ ਨਾਨਕਿਆਂ ਨਾਲੋਂ ਵੀ ਜਿਆਦਾ ਮੋਹ ਕਰਦੇ ਸਨ।

ਵਿਆਹ ਤੋਂ ਸਾਲ ਬਾਅਦ ਬਿੰਦਰ ਦੇ ਪੈਰ ਭਾਰੀ(ਪ੍ਰੈਗਨੈਂਟ) ਹੋਏ। ਭਾਵੇ ਕਿ ਬਿੰਦਰ ਦੇ ਪੈਰ ਭਾਰੀ ਸਨ ਪਰ ਉਹ ਆਪਣੇ ਤੋਂ ਇੱਕ ਮਿੰਟ ਲਈ ਵੀ ਤੈਨੂੰ ਦੂਰ ਨਹੀਂ ਸੀ ਕਰਦੀ। ਮੈਂ ਬਥੇਰਾ ਕਹਿਣਾ ਕਿ,ਧੀਏ ਤੂੰ ਆਰਾਮ ਕਰ ਜੋਤ ਨੂੰ ਮੈਂ ਤਿਆਰ ਕਰਦਿਆਂ ਕਰਾਂਗੀ ਅਤੇ ਬਸ ਚ ਵੀ ਚੜ੍ਹਾ ਆਇਆ ਕਰਾਂਗੀ ਪਰ ਇਹ ਮੇਰੀ ਕਦੇ ਨਹੀਂ ਸੀ ਸੁਣਦੀ। ਤੇਰੇ ਸਾਰੇ ਕੰਮ ਆਪਣੇ ਹੱਥੀ ਕਰਦੀ ।

ਮੈਂ ਪੁੱਤ ਹਰ ਰੋਜ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ,ਇਸ਼ਨਾਨ ਕਰ ਸੁਖਮਨੀ ਸਾਹਿਬ ਦਾ ਪਾਠ ਕਰ ਇਹੀ ਅਰਦਾਸ ਕਰਨੀ ਕਿ," ਵਾਹਿਗੁਰੂ ਜੀ ਮੇਰੇ ਘਰ ਧੀ ਹੈ ਬਸ ਮੈਨੂੰ ਪੁੱਤ ਦੀ ਦਾਤ ਬਖਸ਼ੋ",ਕਹਿੰਦਿਆਂ ਬਿੰਦਰ ਭਾਵੁਕ ਹੋ ਗਈ।ਮੈਨੂੰ ਤੇਰੇ ਬੀਜੀ ਨੂੰ ਵੀ ਅਤੇ ਤੇਰੇ ਪਹਿਲੇ ਨਾਨਕਿਆਂ ਨੂੰ ਬਸ ਇਹੀ ਸੀ ਕੇ ਮੁੰਡਾ ਹੋਵੇ। ਭੈਣ ਭਰਾ ਦੀ ਜੋੜੀ ਬਣ ਜਾਵੇਗੀ। 9 ਮਹੀਨੇ ਬਾਅਦ ਜਦੋ ਬਿੰਦਰ ਦੇ ਦਰਦਾਂ ਸ਼ੁਰੂ ਹੋਈਆਂ ਤਾਂ ਅਸੀਂ ਇਸ ਨੂੰ ਹੌਸਪੀਟਲ ਲੈ ਗਏ।ਪਰ ਜਦੋ ਡਾਕਟਰ ਨੇ ਬਾਹਰ ਆ ਕੇ ਦੱਸਿਆ ਕਿ," ਕੁੜੀ(ਗੁਰਨਾਜ਼) ਹੋਈ ਤਾਂ ਇੱਕ ਵਾਰ ਸਭ ਦੇ ਹੋਸ਼ ਉੱਡ ਗਏ।" ਸਾਡੇ ਪੈਰਾਂ ਥੱਲਿਓਂ ਜਮੀਨ ਨਿੱਕਲ ਗਈ।ਮੇਰਾ ਮੰਨ ਭਰਿਆ ਹੋਇਆ ਤਾਂ ਸੀ ਪਰ ਹੌਸਪੀਟਲ ਚ ਬਿੰਦਰ ਦੀ ਮੰਮੀ ਹੋਣ ਕਰਕੇ, ਮੈਂ ਚੁੱਪ ਰਹੀ ।

ਅਸੀਂ ਬਿੰਦਰ ਅਤੇ ਉਸਦੇ ਪੇਕੇ ਪਰਿਵਾਰ  ਨੂੰ ਇਹ  ਮਹਿਸੂਸ ਨਹੀਂ ਹੋਣ ਦਿੱਤਾ ਕਿ ਸਾਂਨੂੰ ਦੁੱਖ ਹੈ ਕੁੜੀ ਹੋਣ ਦਾ। ਹੁਣ, ਅਸੀਂ ਸਾਰੇ ਇਹੀ ਸੋਚਣ ਲੱਗ ਗਏ ਸੀ ਕਿ ਹੁਣ ਬਿੰਦਰ ਤੇਰੇ ਅਤੇ ਆਪਣੀ ਧੀ ਵਿੱਚ ਫਰਕ ਕਰੇਗੀ। ਪਰ,ਬਿੰਦਰ ਨੇ ਸਾਡੇ ਲਾਏ ਕਿਆਸਿਆ ਅਤੇ ਸਾਨੂੰ ਗੱਲ ਸਾਬਿਤ ਕਰ ਦਿੱਤਾ। ਗੁਰਨਾਜ਼ ਦੀ ਜਨਮ ਤੋਂ ਬਾਅਦ ਵੀ ਬਿੰਦਰ ਨੇ ਤੇਰਾ ਪਹਿਲਾਂ ਵਾਂਗ ਹੀ ਧਿਆਨ ਰੱਖਣਾ। ਤੈਨੂੰ ਤਾਂ ਪੁੱਤ ਚਾਅ ਹੀ ਚੜ੍ਹ ਗਿਆ ਸੀ,ਜਦੋ ਅਸੀਂ ਬਿੰਦਰ ਅਤੇ ਗੁਰਨਾਜ਼ ਨੂੰ ਹੌਸਪੀਟਲ ਤੋਂ ਛੁੱਟੀ ਦਵਾ ਘਰ  ਲੈ ਕੇ ਆਏ।ਜਦੋ ਬਿੰਦਰ ਨੇ ਤੈਨੂੰ ਕਹਿਣਾ ਕਿ," ਤੂੰ ਹੁਣ ਇਹਦੀ ਦੀਦੀ ਆ ਤਾਂ ਤੂੰ ਖੁਸ਼ੀ ਚ ਇਵੇ ਖਿੜ ਜਾਂਦੀ ਜਿਵੇ ਬਸੰਤ ਰੁੱਤ  ਚ ਫੁੱਲ ਖਿੱੜਦੇ ਹੁੰਦੇ ਹਨ।"ਤੂੰ ਸਕੂਲ ਤੋਂ ਆ ਕੇ ਗੁਰਨਾਜ਼ ਦੇ ਕੋਲ ਹੀ ਬੈਠੀ ਰਹਿਣਾ। ਤੂੰ ਤਾਂ ਛੇਤੀ ਕੀਤੇ ਕਿਸੇ ਨੂੰ ਵੀ ਹੱਥ ਨਹੀਂ ਲਾਉਣ ਦਿੰਦੀ ਸੀ,ਗੁਰਨਾਜ਼ ਨੂੰ,ਚੁੱਕਣਾ ਤਾਂ ਦੂਰ ਦੀ ਗੱਲ ।

ਤੇਰੇ ਪਹਿਲੇ ਨਾਨਕੇ ਜਦੋ ਗੁਰਨਾਜ਼ ਨੂੰ ਦੇਖਣ ਆਏ ਤਾਂ ਉਨ੍ਹਾਂ ਦੇ ਦਿਲ ਚ ਜੋ ਸ਼ੱਕ ਸੀ ਕਿ ਬਿੰਦਰ ਹੁਣ ਆਪਣੀ ਕੁੜੀ ਦਾ ਜੋਤ ਨਾਲੋਂ ਜਿਆਦਾ ਕਰੂਗੀ ,ਉਹ ਸਾਰੇ ਵਹਿਮ ਦੂਰ ਹੋ ਗਏ ਜਦੋ ਉਨ੍ਹਾਂ ਨੇ ਆ ਕੇ ਤੈਨੂੰ ਗੁਰਨਾਜ਼ ਨਾਲ ਬੇਇੰਤਹਾ ਪਿਆਰ ਕਰਦੇ ਦੇਖਿਆ ਅਤੇ ਨਾਲ ਹੀ ਬਿੰਦਰ ਦਾ ਆਪਣੀਆਂ ਦੋਨਾਂ ਧੀਆਂ ਪ੍ਰਤੀ ਇਕੋ ਜਿਹਾ ਸਨੇਹ ਦੇਖ ਤੇਰੀ ਨਾਨੀ ਦੇ ਅੱਖਾਂ ਚ ਹੰਝੂ ਨਿੱਕਲ ਆਏ ਅਤੇ ਵਾਹਿਗੁਰੂ ਜੀ ਅੱਗੇ ਹੱਥ ਜੋੜਦੀ ਨੇ ਅਰਦਾਸ ਕੀਤੀ ਕਿ ਵਾਹਿਗੁਰੂ ਜੀ ਕੁੱਤੀ ਦੇ ਕੂਤੁਰਿਆ ਨੂੰ ਕਿਸੇ ਦੀ ਨਜਰ ਨਾਲ ਲੱਗੇ।

ਪਰ,ਬਿੰਦਰ ਨੇ ਵੀ ਸ਼ਾਇਦ ਇਹ ਮਹਿਸੂਸ ਕੀਤਾ ਸੀ ਕਿ ਕੀਤੇ ਇਹ ਸਾਰੇ ਇਹ ਨਾ ਸੋਚਦੇ ਹੋਣ ਕਿ ,ਗੁਰਨਾਜ਼ ਦੇ ਆਉਣ ਨਾਲ ਮੈਂ ਜੋਤ ਨਾਲ ਪਰਾਇਆ ਵਾਲਾ ਵਿਵਹਾਰ ਕਰਾਂਗੀ। ਇਸ ਲਈ ਬਿੰਦਰ ਨੇ ਆਪ ਹੀ ਗੱਲ ਸਾਫ ਕਰ ਦਿੱਤੀ ਤੇਰੇ ਨਾਨਕਿਆਂ ਨੂੰ ਕਿ," ਤੁਸੀਂ ਇਹ ਨਾ ਕਦੇ ਸੋਚਿਓ ਕਿ ਗੁਰਨਾਜ਼ ਦੇ ਆਉਣ ਨਾਲ ਮੈਂ ਜੋਤ ਨੂੰ ਪਿੱਠ ਦਿਖਾ ਦਵੇਗੀ।"ਭਾਵੇ ਮੈਂ ਜੋਤ ਨੂੰ ਜਨਮ ਨਹੀਂ ਦਿੱਤਾ ਪਰ ਜੋਤ ਮੇਰੀ ਪਹਿਲੀ ਔਲਾਦ ਹੈ ਅਤੇ

ਹਮੇਸ਼ਾ ਰਹੇਗੀ। ਜੋਤ ਦੇ ਮੂੰਹੋ ਹੀ ਮੈਂ ਪਹਿਲੀ ਵਾਰ ਆਪਣੇ ਲਈ 'ਮਾਂ' ਸ਼ਬਦ ਸੁਣਿਆ ਸੀ,ਇਹ ਕਹਿੰਦਿਆਂ ਬਿੰਦਰ ਦੀਆਂ ਅੱਖਾਂ ਭਰ ਆਈਆਂ।

ਤੇਰੀ ਵੱਡੀ ਮਾਮੀ ਨੇ ਬੈਡ ਤੋਂ ਉੱਠ ਕੇ ਕੁਰਸੀ ਤੇ ਬੈਠੀ ਬਿੰਦਰ ਨੂੰ ਆਪਣੇ ਕਲੇਜੇ ਨਾਲ ਲਾਉਂਦੇ ਹੋਏ ਬੋਲਣ ਲੱਗੀ ਕਿ,"ਮਾਫ ਕਰਦੇ ਬਿੰਦਰ ,ਕੁੱਝ ਕੁ ਲੋਂਕਾਂ ਦੇ ਘਰਾਂ ਵਿੱਚਲੇ ਹਾਲਤ ਦੇਖ ਕੇ ਅਸੀਂ ਆਪਣੇ ਮੰਨ ਚ ਡਰ ਪਾਲ ਲਿਆ ਸੀ।ਪਰ,ਤੂੰ ਸਾਡੇ ਡਰ ਨੂੰ ਗੱਲਤ ਸਾਬਿਤ ਕਰ ਦਿੱਤਾ।" ਸ਼ਾਮ ਨੂੰ ਤੇਰੇ ਪਹਿਲੇ ਨਾਨਕੇ ਖੁਸ਼ ਹੋ ਕੇ ਆਪਣੇ ਘਰ ਚੱਲੇਂਗੇ।ਧੀਏ, ਉਸ ਦਿਨ ਤੋਂ ਬਾਅਦ ਤਾਂ ਸਾਂਨੂੰ ਯਕੀਨ ਹੀ ਹੋ ਗਿਆ ਸੀ ਕਿ ਬਿੰਦਰ ਤੋਂ ਵਧੀਆ ਮਾਂ ਤਾਂ ਤੈਨੂੰ ਮਿਲ ਹੀ ਨਹੀਂ ਸੀ ਸਕਦੀ।ਜਦੋ ਬਿੰਦਰ ਦੇ ਪੇਕੇ ਜਾਣਾ ਕਿ ਤੇਰੇ ਦੂਜੇ ਨਾਨਕੇ 21ਵੇ ਤੇ(ਬਿੰਦਰ ਨੂੰ ਚੋਂਕੇ ਚੜ੍ਹਨੇ)ਕੱਪੜੇ ਲੈ ਕੇ ਆਏ ਤਾਂ ਜੋ ਕੁੱਝ ਉਹ ਆਪਣੀ ਦੋਹਤੀ ਲਈ ਲੈ ਕੇ ਆਏ, ਉਨ੍ਹਾ ਸਮਾਂਨ ਹੀ ਉਹ ਤੇਰੇ ਲਈ ਲੈ ਕੇ ਆਏ ।ਜਿਵੇਂ ਜਿਵੇਂ ਗੁਰਨਾਜ਼ ਤੁਰਨ ਲੱਗੀ ਤੁਹਾਡੀਆਂ ਦੋਨਾਂ ਭੈਣਾਂ ਦਾ ਪਿਆਰ ਆਪਸ ਵਿਚ ਵੱਧਦਾ ਗਿਆ।

ਉਹ ਤਾਂ ਮਰਜਾਣੀ(ਗੁਰਨਾਜ਼)ਸਵੇਰੇ ਹੀ ਉੱਠ ਜਾਂਦੀ ਜਦ ਬਿੰਦਰ ਨੇ ਤੈਨੂੰ ਉਠਾਉਣਾ ਸਕੂਲ ਲਈ।ਜਦੋ ਬਿੰਦਰ ਨੇ ਤੈਨੂੰ ਸਕੂਲ ਬੱਸ ਚ ਚੜਾਉਣ ਜਾਣਾ ਤਾਂ ਇਹਨੇ ਵੀ ਰੋਂਣ ਲੱਗ ਜਾਣਾ ਕਿ ਮੈਂ ਵੀ ਦੀਦੀ ਦੇ ਨਾਲ ਜਾਣਾ ਹੈ।ਜਦੋ ਤੂੰ ਸਕੂਲ ਤੋਂ ਆਉਣਾ,ਗੁਰਨਾਜ਼ ਨੇ ਬੱਸ ਦੇ ਹੋਰਨ ਦੀ ਆਵਾਜ਼ ਸੁਣ ਕੇ ਰੌਲਾ ਪਾਉਂਦੀ ਨੇ ਗੇਟ ਵੱਲ ਭੱਜੀ ਜਾਣਾ," ਦੀਦੀ ਆ ਗਈ,ਦੀਦੀ ਆ ਗਈ।"ਜਦ ਰੱਖੜੀ ਆਉਣੀ ਤਾਂ ਤੇਰੀਆਂ ਸਹੇਲੀਆਂ ਨੇ ਕਹਿਣਾ ਅਸੀਂ ਆਪਣੇ ਭਰਾ ਦੇ ਰੱਖੜੀ ਬਣਨੀ ਆ ਤਾਂ ਤੂੰ ਘਰ ਆ ਕੇ ਰੋਂਣ ਲੱਗ ਜਾਣਾ ਕਿ ਮੈਂ ਵੀ ਰੱਖੜੀ ਬੰਨਣੀ ਆ। ਮੈਨੂੰ ਵੀ ਵੀਰਾ ਚਾਹੀਦਾ ਹੈ । ਫਿਰ ਮੈਂ ਵੀ ਓਹਦੇ ਰੱਖੜੀ ਬਣਿਆ ਕਰਨੀ ਸੀ ਅਤੇ ਉਸਨੇ ਮੈਨੂੰ ਪੈਸੇ ਦਿਆ ਕਰਨੇ ਸੀ,ਇਹ ਕਹਿ ਤੂੰ ਅੱਖਾਂ ਭਰ ਲੈਣੀਆਂ ਅਤੇ ਤੈਨੂੰ ਦੇਖ ਗੁਰਨਾਜ਼ ਨੇ ਰੋ ਪੈਣਾ।

ਗੁਰਨਾਜ਼ ਤੋਂ ਤਿੰਨ ਸਾਲ ਬਾਅਦ ਗੁਰਬਾਜ਼ ਦਾ ਜਨਮ ਹੋਇਆ।ਗੁਰਬਾਜ਼ ਤੇ ਜਨਮ ਤੋਂ ਇੱਕ ਮਹੀਨੇ ਬਾਅਦ ਹੀ ਰੱਖੜੀ ਸੀ ਅਤੇ ਤੁਹਾਨੂੰ ਦੋਨਾਂ ਭੈਣਾਂ ਨੂੰ ਚਾਅ ਚੜਿਆ ਪਾਇਆ ਸੀ  ਕਿ ਇਸ ਵਾਰ ਅਸੀਂ ਵੀ ਆਪਣੇ ਵੀਰ ਦੇ ਰੱਖੜੀ ਬੰਨਾਂਗੇ। ਤੁਸੀਂ ਰੱਖੜੀ ਤੋਂ 10 ਦਿਨ ਪਹਿਲਾ ਹੀ ਆਪਣੇ ਮੰਮੀ ਪਾਪਾ ਨਾਲ ਜਾ ਕੇ ਰੱਖੜੀਆਂ ਖਰੀਦ ਕੇ ਲੈ ਆਈਆਂ ਸੀ ਅਤੇ ਫਿਰ ਰੱਖੜੀ ਵਾਲੇ ਦਿਨ ਸਵੇਰੇ ਸਾਰੇ ਘਰ ਦੇ ਕੰਮ ਕਰਕੇ,ਨਹਾ ਕੇ ਗੁਰਬਾਜ਼ ਦੇ ਰੱਖੜੀ ਬੰਨੀ ਸੀ ।ਤੇਰੇ ਭੈਣ ਭਰਾ ਦੇ ਜਨਮ ਤੋਂ ਬਾਅਦ ਵੀ ਬਿੰਦਰ ਦੇ ਪੇਕਿਆਂ ਨੇ ਕਦੇ ਵੀ ਤੈਨੂੰ ਪਰਾਈ ਨਹੀਂ ਸਮਝਿਆ।

ਪਰ,ਇਸ ਚ ਬਿੰਦਰ ਦਾ ਵੀ ਬਹੁਤ ਵੱਡਾ ਹੱਥ ਹੈ। ਉਸਨੇ ਤੈਨੂੰ ਕਦੇ ਪਰਾਈ ਨਹੀਂ ਸਮਝਿਆ ਅਤੇ ਨਾ ਹੀ ਤੇਰੇ ਅਤੇ ਗੁਰਬਾਜ,ਗੁਰਨਾਜ਼ ਚ ਕੋਈ ਫਰਕ ਰੱਖਿਆ।ਬਿੰਦਰ ਦਾ ਤਾਂ ਸੁਪਨਾ ਤੈਨੂੰ ਅਮਰੀਕਾ ਭੇਜਣ ਦਾ ਸੀ,ਤੇਰੀ ਮਾਸੀ(ਬਿੰਦਰ ਦੀ ਵੱਡੀ ਭੈਣ ) ਕੋਲ। ਇਸ ਲਈ ਉਸਨੇ ਤੈਨੂੰ ਇਥੋਂ ਦੇ ਵਧੀਆ ਤੋਂ ਵਧੀਆ ਸਕੂਲ ਚ ਪੜ੍ਹਾਇਆ।ਬਿੰਦਰ ਹਮੇਸ਼ਾ ਕਹਿੰਦੀ ਸੀ ਕਿ ਮੈਂ ਆਪਣੀ ਧੀ ਨੂੰ ਉਸਦੇ ਪੈਰਾਂ ਤੇ ਖੜ੍ਹਾ ਕਰਨਾ ਹੈ।ਉਸ ਤੋਂ ਬਾਅਦ,ਜੋਤ ਦਾ ਵਿਆਹ ਕਰਨਾ ਹੈ,ਦੱਸਦੇ ਹੋਏ ਜੋਤ ਦੀ ਦਾਦੀ ਦੇ ਚਿਹਰੇ ਤੇ ਖੁਸ਼ੀ ਵਾਲੇ ਹਾਵ ਭਾਵ ਸਨ। ਬਸ ਧੀਏ ਆ ਹੀ ਸੱਚ ਹੈ ਜੋ ਅਸੀਂ ਤੇਰੇ ਕੋਲ ਛੁਪਾਇਆ ਸੀ ਅਤੇ  ਅੱਜ ਤੈਨੂੰ ਦੱਸਿਆ ਹੈ।ਅਸੀਂ ਜੋ ਕੀਤਾ ਤੇਰੇ ਭਲੇ ਲਈ ਕੀਤਾ, ਕਹਿੰਦਿਆਂ ਜੋਤ ਦੀ ਦਾਦੀ ਦੀ ਅੱਖਾਂ ਭਰ ਆ ਆਈਆਂ। ਜੋਤ ਵੀ ਸਾਰਾ ਸੱਚ ਸੁਣ ਕੇ ਰੋਂਣ ਲੱਗ ਪਈ ਅਤੇ ਉਸਨੇ ਆਪਣੀ ਦਾਦੀ ਅਤੇ ਮੰਮੀ  ਕਹਿਣ ਲੱਗੀ।

"ਮੰਮਾ,ਜਿਨ੍ਹਾਂ ਤੁਸੀਂ ਮੈਨੂੰ ਪਿਆਰ ਦਿੱਤਾ  ਅਤੇ ਜੋ ਜੋ ਤੁਸੀਂ ਮੇਰੇ ਲਈ ਕੀਤਾ ,ਜੇ ਜਸਨੀਤ ਮੰਮਾ ਹੁੰਦੇ ਤਾਂ ਸ਼ਾਇਦ ਉਹ  ਵੀ ਨਹੀਂ,ਮੇਰੇ ਨਾਲ ਇਨ੍ਹਾਂ ਨਹੀਂ ਕਰਦੇ",ਕਹਿੰਦੇ ਜੋਤ ਨੇ ਘੁੱਟ ਕੇ ਬਿੰਦਰ ਨੂੰ ਗਲੇ ਲਗਾ ਲਿਆ ਅਤੇ ਬਿੰਦਰ ਨੇ ਵੀ ਦੋਨਾਂ ਬਾਹਾਂ ਨਾਲ ਜੋਤ ਨੂੰ

ਆਪਣੇ ਨਾਲ ਘੁੱਟ ਲਿਆ। ਮੈਂ ਕਦੇ ਵੀ ਤੁਹਾਡੇ ਨਾਲ ਗੁੱਸੇ ਜਾਂ ਨਾਰਾਜ਼ ਨਹੀਂ ਸੀ । ਬਸ ਜਦੋ ਮਾਸੀ ਨੇ ਇਹ ਬੋਲਿਆ ਕਿ ਬਿੰਦਰ ਤੇਰੀ ਮੰਮੀ ਨਹੀਂ.........ਮੈਨੂੰ ਸੁਣ ਕੇ ਝੱਟਕਾ ਲੱਗਾ।

ਮੈਂ ਬਹੁਤ ਪ੍ਰੇਸ਼ਾਨ ਹੋ ਗਈ ਸੀ ਅਤੇ ਮੇਰੇ ਦਿਲ ਦਿਮਾਗ ਵਿੱਚ ਇਹੀ ਸੀ ਕਿ ਇਹ ਕਿਵੇਂ ਸੱਚ ਹੋ ਸਕਦਾ ਹੈ ਕਿਉਂਕਿ ਤੁਸੀਂ ਤਾਂ ਅੱਜ ਤੱਕ ਮੇਰੇ ਨਾਲ ਬੁਰਾ ਸਲੂਕ ਕੀਤਾ ਹੀ ਨਹੀਂ ਅਤੇ ਮੇਰੇ ਸਰਟੀਫਿਕੇਟ ਉੱਪਰ ਮਦਰ ਨੇਮ ਵਾਲੀ ਜਗ੍ਹਾ ਤੁਹਾਡਾ ਨਾਮ ਹੈ।

ਬਸ,ਮੈਂ ਇਸੇ ਲਈ ਬੀਜੀ ਨੂੰ ਪੁੱਛਿਆ ਸੀ,ਜੋਤ ਹੰਝੂਆਂ ਨਾਲ ਭਰੀਆਂ ਅੱਖਾਂ ਅਤੇ ਦਰਦ ਭਾਰੀ ਆਵਾਜ਼ ਚ ਬੋਲੀ।

“ਚੱਲ ਕੋਈ ਨਾ ਪੁੱਤ,ਕਦੇ ਨਾ ਕਦੇ ਇਹ ਸੱਚ ਤੈਨੂੰ ਪਤਾ ਲੱਗਣਾ ਹੀ ਸੀ ਕਿ ਤੇਰੀ ਮੰਮੀ ਜਸਨੀਤ ਹੈ”,ਕਿਸ਼ਨ ਕੌਰ ਨੇ ਜੋਤ ਦਾ ਹੱਥ ਫੜ ਉਸਨੂੰ ਆਪਣੇ ਕਲਾਵੇ ਵਿੱਚ ਲੈ ਲਿਆ।ਨਾਲੇ ਪੁੱਤ,ਵਾਹਿਗੁਰੂ ਜੋ ਕਰਦਾ ਚੰਗੇ ਲਈ ਕਰਦਾ ਹੈ।ਬਸ ਅਸੀਂ ਸਮਝ ਨਹੀਂ ਪਾਉਂਦੇ,ਪਰਮਾਤਮਾ ਦੇ ਰੰਗਾਂ ਨੂੰ।

ਨਾਲੇ ਪੁੱਤ,ਬਿੰਦਰ ਤਾਂ ਤੇਰਾ ਰਿਸ਼ਤਾ ਕਰਨ ਦੇ ਹੱਕ ਵਿੱਚ ਵੀ ਨਹੀਂ ਸੀ,ਇਹ ਵੀ ਇਸਨੂੰ ਮਜਬੂਰੀ ਚ ਕਰਨਾ ਪਿਆ........ਕਿਸ਼ਨ ਕੌਰ ਅਜੇ ਦੱਸ ਹੀ ਰਹੀ ਸੀ ਕਿ ਇਨ੍ਹੇ ਨੂੰ ਮਨਪ੍ਰੀਤ ਖੇਤਾਂ ਚੋ ਗੇੜਾ ਮਾਰ ਕੇ ਘਰ ਵਾਪਸ ਆ ਗਿਆ ਅਤੇ ਕਮਰੇ ਚ ਦਾਖਿਲ ਹੁੰਦੇ ਬੋਲਿਆ," ਜੇ ਤੁਹਾਡੀ ਹੱਡ ਬੀਤੀ ਅਤੇ ਭਰਤ ਮਿਲਾਪ ਖਤਮ ਹੋ ਗਿਆ ਹੋਵੇ ਤਾਂ ਰੋਟੀ ਰੁੱਟੀ ਪਕਾ ਲੋ,ਬਹੁਤ ਭੁੱਖ ਲੱਗੀ।"

ਕਿਉਂ ਭੁੱਖਾ ਮਾਰਨਾ ਗਰੀਬ ਨੂੰ..? ਜਾਂ ਫਿਰ ਅੱਜ ਗੁਰਦੁਆਰੇ ਲੰਗਰ ਛੱਕਣ ਦਾ ਇਰਾਦਾ ਹੈ,ਤੁਹਾਡਾ।ਮਨਪ੍ਰੀਤ ਦੀ ਇਹ ਗੱਲ ਸੁਣ ਕੇ ਸਾਰੇ ਹੱਸਣ ਲੱਗ ਗਏ।

"ਚੱਲ ਪੁੱਤ,  ਤੂੰ ਹੁਣ ਨਹਾ ਕੇ ਆ,ਮੈਂ ਰੋਟੀ ਪਕਾਵਾਂ,ਤੇਰੇ ਪਾਪਾ ਦੇ ਢਿੱਡ ਚ ਚੂਹੇ ਨੱਚਣ ਦੇ ਆ",ਕਹਿੰਦਿਆਂ ਬਿੰਦਰ ਰਸੋਈ ਚ ਰੋਟੀ ਪਕਾਉਣ ਤੁਰ ਪਈ।

ਲੋੱਕਾਂ ਨੇ ਸੱਚ ਹੀ ਕਿਹਾ ਹੈ," ਜਿੱਥੇ ਚਾਰ ਜਨਾਨੀਆਂ ਇਕੱਠੀਆਂ ਹੋ ਜਾਣ ਸਹੀ ,ਫਿਰ ਇਨ੍ਹਾਂ ਨੂੰ ਗੱਲਾਂ ਚ ਕਿਥੇ ਹੋਸ਼ ਰਹਿੰਦਾ ਰੋਟੀ ਟੁੱਕ  ਕਰਨ  ਦਾ,ਬੋਲ ਕੇ ਫਿਰ ਮਨਪ੍ਰੀਤ ਹੱਸਣ ਲੱਗ ਗਿਆ।"ਕੁੱਟ ਨਾ ਖਾਲੀ ਜੇ ਜਿਆਦਾ ਬੋਲਿਆ", ਮਜਾਕ ਚ ਕਿਸ਼ਨ ਕੌਰ ਨੇ ਆਪਣਾ ਹੱਥ ਮਨਪ੍ਰੀਤ ਦੇ ਲੱਕ  ਚ ਮਾਰਦੇ ਹੋਏ ਬੋਲੀ।

ਫਿਰ  ਕਿਸ਼ਨ ਕੌਰ ਅਤੇ ਮਨਪ੍ਰੀਤ ਵੀ ਬਾਹਰ ਬਰਾਂਡੇ ਚ ਮੰਜੇ ਉੱਤੇ ਬੈਠ ਕਿ ਹੋਰ ਘਰੇਲੂ ਗੱਲਾਂ ਕਰਨ ਲੱਗ ਪਏ। ਇੰਨ੍ਹੇ ਨੂੰ ਬਿੰਦਰ ਥਾਲ ਚ  ਰੋਟੀ ਪਾ ਕੇ ਮਨਪ੍ਰੀਤ ਨੂੰ ਫੜਾਉਂਦੇ ਹੋਏ ਬੋਲੀ ," ਜੀ, ਮੈਂ ਇੱਕ ਗੱਲ ਕਹਾਂ ਤਾਂ ਗੁੱਸਾ ਤੇ ਨਹੀਂ ਕਰੋਗੇ।"

ਇਨ੍ਹੀਆਂ ਗੱਲਾਂ ਕਰਨ ਤੋਂ ਬਾਅਦ ਵੀ ,ਅਜੇ ਇੱਕ ਗੱਲ ਰਹਿ ਗਈ,ਮਜਾਕ ਚ ਮਨਪ੍ਰੀਤ ਬਿੰਦਰ ਵੱਲ ਦੇਖਦੇ ਬੋਲਿਆ।ਬਿੰਦਰ ਗੁੱਸੇ ਚ ਬੋਲੀ ,"ਜਾਓ!ਮੈਂ ਨਹੀਂ ਦੱਸਣੀ ਹੁਣ।"

ਚੱਲ ਦੱਸ! ਕਿਹੜੀ ਗੱਲ ਆ...?"ਬਾਕੀ ਗੁੱਸਾ ਕਰਨਾ ਕੇ ਨਹੀਂ, ਉਹ ਗੱਲ ਸੁਣ ਕੇ ਪਤਾ ਲੱਗੇਗਾ" ,ਮਨਪ੍ਰੀਤ ਨੇ ਰੋਟੀ ਖਾਂਦੇ ਨੇ ਜਵਾਬ ਦਿੱਤਾ।

"ਰਹਿਣ ਦੋ ਫਿਰ",ਮੈਂ ਰੋਟੀ ਲੈ ਕੇ  ਆਉਂਦੀ ਹਾਂ ਤੁਹਾਡੇ ਲਈ,ਕਹਿ ਕੇ ਬਿੰਦਰ ਰਸੋਈ ਵੱਲ ਨੂੰ ਤੁਰ ਪਈ।ਜਦੋ ਦੁਆਰਾ ਬਿੰਦਰ ਰੋਟੀ ਫੜਾਉਣ ਲੱਗੀ ਤਾਂ ਮਨਪ੍ਰੀਤ ਨੇ ਬਿੰਦਰ ਨੂੰ ਪਿਆਰ ਨਾਲ ਬੋਲਿਆ ਕਿ," ਦੱਸ ਕੀ ਗੱਲ ਆ ,ਨਹੀਂ ਕਰਦਾ ਗੁੱਸਾ।"

ਜੀ ,ਜੋਤ ਦਾ ਜਨਮ ਦਿਨ ਆਉਣ ਵਾਲਾ ਹੈ।"ਕਿਓਂ ਨਾ,ਅਸੀਂ ਉਸਨੂੰ ਇੱਕ ਮੋਬਾਈਲ ਫੋਨ ਲੈ ਦੇਈਏ ?ਐਕਟਿਵਾ ਤੇ ਇਕੱਲੀ ਜਾਂਦੀ ਹੈ । ਰਸਤੇ ਚ ਇਨ੍ਹਾਂ ਤਾਂ ਰੱਸ਼ ਹੁੰਦਾ ਹੈ,ਚਿੰਤਾ ਲੱਗੀ ਰਹਿੰਦੀ ਆ ਕੁੜੀ ਦੀ,ਜਦੋ ਤੱਕ ਘਰ ਨਹੀਂ ਆਉਂਦੀ। ਇੱਦਾਂ ਜੇ,ਜੋਤ  ਕੋਲ ਫੋਨ ਹੋਵੇਗਾ ਤਾਂ ਫੋਨ ਕਰਕੇ ਪੁੱਛ ਲੈਂਦਾ ਹੈ ਵੀ ਕਿੱਥੇ ਕੁ ਆ ਰਹੀ ਹੈ.?

ਬਿੰਦਰ ਦੀ ਗੱਲ ਨੂੰ ਸਮਝ ਕੇ ਮਨਪ੍ਰੀਤ ਨੇ ਹਾਮੀ ਭਰਦੇ ਹੋਏ ਜਵਾਬ ਦਿੱਤਾ ਕਿ,"ਠੀਕ ਆ। ਜਾਂਦਾ ਮੈਂ ਬਾਜ਼ਾਰ ਸਮਾਂ ਕੱਢ ਕੇ,ਲਿਆ ਦਿੰਦਾ ਫੋਨ ਪਰ ਜੋਤ ਨੂੰ ਨਾ ਦੱਸੀ।" ਉਸ ਨੂੰ ਸਰਪ੍ਰਾਈਜ਼ ਦੇਵਾਂਗੇ।

ਹਾਂ ਨਾਲੇ,ਆਪਣੇ ਦੋ ਛੋਟੇ ਬਲੂੰਗੜਿਆਂ ਨੂੰ ਵੀ ਨਾ ਪਤਾ ਲੱਗੇ,ਉਨ੍ਹਾਂ ਦੇ ਢਿੱਡ ਚ ਨਹੀਂ ,ਕੋਈ ਗੱਲ ਪੱਚਣੀ। ਉਨ੍ਹਾਂ ਨੇ ਤਾਂ ਝੱਟ ਜੋਤ ਦੇ ਕੰਨ ਚ ਫੂਕ ਮਾਰ ਦੇਣੀ ਆ ਕਿ ਦੀਦੀ ਦੀਦੀ,ਤੁਹਾਡੇ ਲਈ ਨਵਾਂ ਫੋਨ ਆਇਆ, ਹੱਸਦੇ ਹੋਏ ਬਿੰਦਰ  ਕਿਸ਼ਨ ਕੌਰ ਅਤੇ ਮਨਪ੍ਰੀਤ ਨੂੰ ਬੋਲੀ।ਚਮਚੇ ਨੇ ਉਹ ਤਾਂ ਜੋਤ ਦੇ।

ਇਹਨੇ ਨੂੰ ਮਨਪ੍ਰੀਤ ਨੇ ਵੀ ਰੋਟੀ ਖਾ ਲਈ ਅਤੇ ਉੱਠ ਕੇ ਹਵੇਲੀ ਵੱਲ ਨੂੰ ਗੇੜਾ ਮਾਰਨ ਚਲਾ ਗਿਆ। ਇੰਨ੍ਹੇ ਨੂੰ ਜੋਤ ਵੀ ਬਾਥਰੂਮ ਚੋਂ ਬਾਹਰ ਆ ਗਈ ਅਤੇ ਬਿੰਦਰ ਭਾਂਡੇ ਚੁੱਕ ਰਸੋਈ ਵੱਲ ਨੂੰ ਜਾਂਦੇ ਹੋਏ ਜੋਤ ਨੂੰ ਬੋਲੀ ,"ਜੋਤ ਆਜਾ, ਤੂੰ ਵੀ ਰੋਟੀ ਖਾ ਲਾ।" ਗੁਰਬਾਜ਼ ਅਤੇ ਗੁਰਨਾਜ਼ ਵੀ ਆਉਣ ਵਾਲੇ ਆ,ਫਿਰ ਉਨ੍ਹਾਂ ਤੈਨੂੰ ਟਿਕਣ ਨਹੀਂ ਦੇਣਾ।

ਪਰ, ਸਕੂਲ ਬਸ ਦੇ ਆਉਣ ਦਾ ਸਮਾਂ ਤਾਂ ਹੋ ਗਿਆ,ਘੜੀ ਵੱਲ  ਦੇਖਦੇ ਹੋਏ ਜੋਤ ਨੇ ਜਵਾਬ ਦਿੱਤਾ।ਮੰਮਾ,ਮੈਂ ਲੈਣ ਚੱਲੀ ਉਨ੍ਹਾਂ ਨੂੰ,ਆ ਕੇ ਰੋਟੀ ਖਾਣੀ ਆ ।

ਜਾ ਫਿਰ ਲੈ ਆ,ਤੈਨੂੰ ਦੇਖ ਚਾਅ ਚੜ੍ਹ ਜਾਣਾ ਕਿ ਦੀਦੀ ਸਾਂਨੂੰ ਲੈਣ ਆਈ ਆ,ਬਿੰਦਰ ਰਸੋਈ ਚੋ ਹੀ ਰੋਟੀ ਪਕਾਉਂਦੀ ਨੇ ਜੋਤ ਨੂੰ ਜਵਾਬ ਦਿੱਤਾ। ਜੋਤ ਨੂੰ ਗੇਟ ਤੋਂ ਬਾਹਰ ਖੜ੍ਹੀ ਦੇਖ ਕੇ ਗੁਰਨਾਜ਼ ਅਤੇ ਗੁਰਬਾਜ਼ ਬਸ ਵਿੱਚੋ ਉਤਰਦੇ ਹੀ ਰੋਲ ਪਾਉਂਦੇ ਭੱਜੇ ਆਏ,ਦੀਦੀ ਦੀਦੀ । ਜੋਤ ਨੇ ਦੋਨਾਂ ਕੋਲੋਂ ਬੇੈਗ  ਫੜੇ ਅਤੇ ਦੋਨੋ ਜੋਤ ਦੇ ਅੱਗੇ ਅੱਗੇ ਘਰ ਨੂੰ ਤੁਰ ਪਏ। ਜੋਤ ਨੇ ਆਪਣੇ ਦੋਨਾਂ ਭੈਣ ਭਰਾ ਦੇ ਬੈਗ ਮੇਜ ਤੇ ਰੱਖੇ ਅਤੇ ਪਾਣੀ ਦੇ ਗਲਾਸ ਫੜਾਉਂਦੇ ਹੋਏ ਬੋਲੀ ," ਪਾਣੀ ਪਿਓ ਅਤੇ ਜਲਦੀ ਜਲਦੀ ਕੱਪੜੇ ਬਦਲੋ।"ਫਿਰ ਤੁਹਾਨੂੰ ਰੋਟੀ ਫੜਾਉਂਦੀ ਹਾਂ।

ਬਿੰਦਰ ਨੇ ਸਾਰੀਆਂ ਰੋਟੀਆਂ ਪਕਾ ਲਈਆਂ ਸੀ ਅਤੇ ਸਭ ਲਈ ਥਾਲੀਆਂ ਚ ਰੋਟੀ ਪਾ ਕੇ ,ਮੰਜੇ ਤੇ ਲਿਆ ਕੇ ਰੱਖ ਦਿੱਤੀ। ਬਿੰਦਰ ,ਜੋਤ ਗੁਰਬਾਜ ਅਤੇ ਗੁਰਨਾਜ਼,ਸਾਰਿਆਂ ਨੇ ਇਕੱਠੇ ਬੈਠ ਰੋਟੀ ਖਾ ਲਈ।

ਰਾਤ ਨੂੰ ਸਾਰੇ ਬੈਠੇ ਗੱਲਾਂ ਕਰ ਰਹੇ ਸੀ ਕਿ ਬਿੰਦਰ ਮਨਪ੍ਰੀਤ ਨੂੰ ਕਹਿਣ ਲੱਗੀ ਕਿ," ਸੁਣਿਓ ਜੀ,ਕੱਲ ਐਤਵਾਰ ਹੈ,ਸਾਰੇ ਬੱਚੇ ਘਰੇ ਨੇ।" ਕਿਓਂ ਨਾ ਸ਼੍ਰੀ ਹਰਮਿੰਦਰ ਸਾਹਿਬ ਮੱਥਾ ਟੇਕ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰ ਆਈਏ।

ਜੋਤ ਨੂੰ ਸੱਚਾਈ ਵੀ ਪਤਾ ਲੱਗ ਗਈ ਅਤੇ ਘਰ ਚ ਸਭ ਠੀਕ ਵੀ ਹੋ ਗਿਆ ਹੈ।.........

ਮਨਪ੍ਰੀਤ ਨੇ ਬਿੰਦਰ ਦੀ ਗੱਲ ਤੇ ਸਹਿਮਤੀ ਪ੍ਰਗਟਾਉਂਦੇ ਹੋਏ ਜਵਾਬ ਦਿੱਤਾ ਕਿ,"ਕੱਲ ਸਵੇਰੇ ਤੜਕੇ ਚੱਲਾਂਗੇ ਅਤੇ ਆਉਂਦੇ ਹੋਏ ਬਾਬੇ ਬਕਾਲੇ ਵੀ ਮੱਥਾ ਟੇਕ ਆਵਾਂਗੇ।" ਬਹੁਤ ਚਿਰ ਹੋ ਗਿਆ,ਓਥੇ ਗਿਆ ਨੂੰ।ਸਾਰੇ ਰਾਤ ਨੂੰ ਸਮੇ ਸਿਰ ਸੌਂ ਗਏ ਕਿਓਂਕਿ ਸਭ ਨੇ ਸਵੇਰੇ ਜਲਦੀ ਉੱਠਣਾ ਸੀ।

ਅਗਲੇ ਦਿਨ ਤੜਕੇ ਉੱਠ ਕੇ ਬਿੰਦਰ ਨੇ ਚਾਹ ਬਣਾਈ ਅਤੇ ਸੀਰੀ ਦੀ ਰੋਟੀ ਪਕਾ ਦਿੱਤੀ ਅਤੇ ਚਾਹ ਦਾ ਕੱਪ ਕਮਰੇ ਵਿੱਚ ਜਾ ਕੇ ਮਨਪ੍ਰੀਤ ਨੂੰ ਫੜਾਉਂਦੇ ਹੋਏ ਬੋਲੀ ," ਜੀ, ਮੈਂ ਮਿੰਟੂ ਵੀਰੇ ਦੀ ਰੋਟੀ ਟਿਫਨ ਤੇ ਚਾਹ ਥਰਮਸ ਚ ਪਾ ਦਿੱਤੀ ਆ,ਚਾਹ ਪੀ ਕੇ ਹਵੇਲੀ ਜਾ ਕੇ ਉਸਨੂੰ ਫੜਾ ਆਓ।"

ਮਨਪ੍ਰੀਤ ਚਾਹ ਪੀ ਕੇ ਟਿਫਨ ਅਤੇ ਥਰਮਸ ਲੈ ਕੇ ਹਵੇਲੀ ਚਲਾ ਜਾਂਦਾ ਹੈ ਅਤੇ ਬਿੰਦਰ ਜੋਤ ਹੁਣਾ ਨੂੰ ਉਠਾਉਣ ਲੱਗ ਜਾਂਦੀ ਹੈ।

ਮਨਪ੍ਰੀਤ ਸੀਰੀ ਨੂੰ ਉਠਾ ਕੇ ਟਿਫਨ ਅਤੇ ਥਰਮਸ ਫੜਾਉਂਦੇ ਹੋਏ ਬੋਲਿਆ ,"ਮਿੰਟੂ!ਮੱਝਾਂ ਦੀਆਂ ਧਾਰਾਂ ਕੱਢ ,ਅੱਜ ਸਾਰਾ ਦੁੱਧ ਡੇਅਰੀ ਚ ਪਾ ਆਵੀ ਅਤੇ ਆਹ ਫੜ ਕੁੱਝ

ਪੈਸੇ,ਦੁਪਹਿਰ ਨੂੰ ਕੁੱਝ ਲੈ ਕੇ ਖਾ ਲਵੀ।ਅਸੀਂ ਦਰਬਾਰ ਸਾਹਿਬ ਚੱਲੇ ਆ। ਸ਼ਾਮ ਤੱਕ ਆਵਾਂਗੇ। ਪਿੱਛੋਂ ਧਿਆਨ ਰੱਖੀ ਘਰ ਤੇ ਮੱਝਾਂ ਦਾ। ਖੇਤਾਂ ਚ ਵੀ ਗੇੜਾ ਕੱਢ ਆਈ।

੫ ਵਜੇ ਸਾਰੇ ਜਾਣੇ ਤਿਆਰ ਹੋ ਕੇ ਕਾਰ ਚ ਬੈਠ ਸ੍ਰੀ ਹਰਮਿੰਦਰ ਸਾਹਿਬ ਨੂੰ ਤੁਰ ਪੈਂਦੇ ਹਨ। ਸਵੇਰੇ ਰੁਸ਼ ਨਾ ਹੋਣ ਕਰਕੇ ਬਿੰਦਰ ਹੋਣੀ ਇੱਕ ਘੰਟੇ ਚ ਜਾਨੀ ਕਿ 6 ਵਜੇ  ਸ੍ਰੀ ਹਰਮਿੰਦਰ ਸਾਹਿਬ ਪਹੁੰਚ ਗਏ । ਕਾਰ ਪਾਰਕਿੰਗ ਵਿਚ ਆਪਣੀ ਕਾਰ ਖੜ੍ਹੀ ਕਰਕੇ,ਨੰਗੇ ਪੈਰੀ ਤੁਰ ਕੇ ਬਾਜ਼ਾਰ ਵਿਚੋਂ ਦੀ ਹੁੰਦੇ ਹੋਏ  ਦਰਬਾਰ ਸਾਹਿਬ ਪਹੁੰਚ ਗਏ ।

ਸਭ ਤੋਂ ਪਹਿਲਾ ਬਿੰਦਰ ,ਗੁਰਨਾਜ਼ ਜੋਤ ਅਤੇ ਕਿਸ਼ਨ ਕੌਰ ਦੁੱਖ ਭਜਨ ਬੇਰੀ ਥੱਲੇ ਬਣੇ ਜਨਾਨਾ ਸਰੋਵਰ ਵਿੱਚ ਅਤੇ ਮਨਪ੍ਰੀਤ ਅਤੇ ਗੁਰਬਾਜ਼ ਬਾਹਰ ਸਰੋਵਰ ਵਿੱਚ ਦੁੱਖ ਭਜਨ ਬੇਰੀ ਥੱਲੇ ਇਸ਼ਨਾਨ ਕਰਦੇ ਹਨ। ਫਿਰ ਸਾਰੇ ਜਾਣੇ ਸਰੋਵਰ ਦੀ ਪਰਿਕਰਮਾ ਕਰਦੇ ਹੋਏ ਦਰਬਾਰ ਸਾਹਿਬ ਵੱਲ ਮੱਥਾ ਟੇਕਣ ਤੁਰ ਪੈਂਦੇ ਹਨ।
ਬਿੰਦਰ ਮਨਪ੍ਰੀਤ ਨੂੰ ਕੜਾਹ ਪ੍ਰਸ਼ਾਦ ਵਾਲੇ ਕਾਉਂਟਰ ਵੱਲ ਇਸ਼ਾਰਾ ਕਰਦੇ ਹੋਏ ਬੋਲਦੀ ਹੈ ," ਜੀ ਤੁਸੀਂ ਜਾ ਕੇ 100 ਰੁਪਿਆ ਦੀ ਦੇਗ  ਕਰਵਾ ਲਿਆਓ।" ਅਸੀਂ ਇਥੇ ਖੜ੍ਹੇ ਹੁੰਦੇ ਹਾਂ। ਮਨਪ੍ਰੀਤ ਦੇਗ ਕਰਵਾ ਕੇ ਆਉਂਦਾ ਹੈ ਤਾਂ ਸਾਰੇ ਜਾਣੇ ਦਰਬਾਰ ਸਾਹਿਬ ਮੱਥਾ ਟੇਕਣ ਲਈ ਲਾਇਨ ਵਿਚ ਲੱਗ ਜਾਂਦੇ ਨੇ। ਪੂਰੇ ਅੱਧੇ ਘੰਟੇ ਬਾਅਦ ਬਿੰਦਰ ਹੁਣਾ ਦੀ ਵਾਰੀ ਆਉਂਦੀ ਹੈ ਅਤੇ ਬਿੰਦਰ ਗੁਰੂ ਗ੍ਰੰਥ ਸਾਹਿਬ ਅੱਗੇ ਦੋਂਨੇ ਹੱਥ ਜੋੜ ਖੜ੍ਹੇ ਹੋਕੇ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਅਰਦਾਸ ਕਰਦੀ ਹੈ।
ਮੱਥਾ ਟੇਕ ਕੇ ਮਨਪ੍ਰੀਤ ਅਤੇ ਉਸਦਾ ਪਰਿਵਾਰ ਬਾਹਰ ਗਰਿੱਲਾਂ ਨਾਲ ਲੱਗ  ਬੈਠ ਕੇ ਕੁੱਝ ਸਮਾਂ ਕੀਰਤਨ ਸੁਣਦੇ ਹਨ। ਕੀਰਤਨ ਸੁਣਨ ਤੋਂ ਬਾਅਦ ,ਬਿੰਦਰ ਅਤੇ ਉਸਦਾ ਪਰਿਵਾਰ

ਲੰਗਰ ਹਾਲ ਚ ਜਾ ਕੇ ਪ੍ਰਸ਼ਾਦਾ ਛੱ੍ਕਦੇ ਹਨ। ਫਿਰ ਗਲੀਆਂ ਵਿੱਚੋ ਦੀ ਹੁੰਦੇ ਹੋਏ,ਬਾਬਾ ਅਟੱਲ ਜੀ, ਮਾਤਾ ਕੋਲਾਂ ਜੀ ਅਤੇ ਬਾਬਾ ਦੀਪ ਸਿੰਘ ਜੀ ਦੇ ਗੁਰੂਦਵਾਰਾ ਸਾਹਿਬ ਪਹੰਚ ਮੱਥਾ ਟੇਕ ਕੇ ਆ ਕੇ ਕਾਰ ਚ ਬੈਠ ਕੇ ਬਾਬਾ ਬਕਾਲਾ ਸਾਹਿਬ ਮੱਥਾ ਟੇਕਣ ਤੁਰ ਪੈਂਦੇ ਹਨ।

ਸ਼੍ਰੀ ਹਰਮਿੰਦਰ ਸਾਹਿਬ ਸਵੇਰੇ ਸਵੇਰੇ ਕੋਈ ਦੁਕਾਨ ਖੁਲੀ ਨਾ ਹੋਣ ਕਰਕੇ ਕਿਸੇ ਨੇ ਕੁਝ ਨਾ ਲਿਆ। ਬਾਬਾ ਬਕਾਲਾ ਸਾਹਿਬ ਆ ਕੇ ਗੁਰਬਾਜ਼ ਨੇ ਟ੍ਰੈਕਟਰ ਟ੍ਰਲ਼ੀ ਦੁਕਾਨ ਤੇ ਪਇਆ ਦੇਖ ਲੈਣ ਦੀ ਜਿੱਦ ਫੜ ਲਈ ਅਤੇ ਉਸਦੀ ਜਿੱਦ ਮੰਨ ਕੇ ਮਨਪ੍ਰੀਤ ਨੂੰ ਗੁਰਬਾਜ਼ ਨੂੰ ਟਰੈਕਟਰ ਟ੍ਰਲ਼ੀ ਲੈ ਕੇ ਦੇਣਾ ਪਿਆ। ਜੋਤ ਤੇ ਗੁਰਨਾਜ਼ ਨੂੰ ਕੋਈ ਵੀ ਚੀਜ਼ ਪਸੰਦ ਨਹੀਂ ਆਈ।

ਸ਼੍ਰੀ ਹਰਮਿੰਦਰ ਸਾਹਿਬ ਅਤੇ ਬਾਬਾ ਬਕਾਲਾ ਸਾਹਿਬ  ਦਰਸ਼ਨ ਕਰਕੇ ਸ਼ਾਮ ਨੂੰ 4 ਵਜੇ ਬਿੰਦਰ ਹੋਣੀ ਘਰ ਵਾਪਸ ਆ ਜਾਂਦੇ ਹਨ। ਸਾਰੇ ਥੱਕ ਤਾਂ ਚੁੱਕੇ ਸਨ,ਪਰ ਖੁਸ਼ ਸਨ ਕਿ ਉਹ ਗੁਰੂਦਵਾਰਾ ਸਾਹਿਬ ਮੱਥਾ ਟੇਕ ਕੇ ਆਏ। ਬਿੰਦਰ ਨੇ ਕੱਪੜੇ ਬਦਲ,ਸਭ ਲਈ ਚਾਹ ਬਣਾਈ ਅਤੇ ਚਾਹ ਪੀ ਕੇ ਮਨਪ੍ਰੀਤ ਮੱਝਾਂ ਦੀਆਂ ਧਾਰਾਂ ਕੱਢਣ ਲਈ ਬਾਲਟੀ ਚੱਕ ਹਵੇਲੀ ਵੱਲ ਤੁਰ ਪਿਆ ਅਤੇ ਬਿੰਦਰ ਰਾਤ ਦੀ ਸਬਜ਼ੀ ਬਣਾਉਂਣ ਲੱਗ ਗਈ।

ਅਗਲੇ ਦਿਨ ਸਵੇਰੇ ਗੁਰਬਾਜ਼ ਅਤੇ ਗੁਰਨਾਜ਼ ਤਿਆਰ ਹੋ ਕੇ ਆਪਣੇ ਸਕੂਲ ਅਤੇ  ਜੋਤ ਤਿਆਰ ਹੋ ਕੇ ਆਪਣੀ ਐਕਟਿਵਾ ਤੇ ਕਾਲਜ ਨੂੰ ਤੁਰ ਪੈਂਦੇ ਹਨ। ਜਦੋ ਜੋਤ ਕਲਾਸ ਚ ਪਹੁੰਚ ਦੀ ਹੈ ਤਾਂ ਅੰਮ੍ਰਿਤ ਪਹਿਲਾ ਹੀ ਬੈਂਚ ਤੇ ਬੈਠੀ ਹੁੰਦੀ ਹੈ। ਜੋਤ ਆਪਣਾ ਬੈਗ ਬੈਂਚ ਤੇ ਰੱਖ ਕੇ ਆਪਣਾ ਸੱਜਾ ਹੱਥ ਅੱਗੇ ਵਧਾ ਕੇ ਅੰਮ੍ਰਿਤ ਨੂੰ ਹੈਲੋ ਕਹਿੰਦੀ ਹੈ।

ਅੰਮ੍ਰਿਤ ਜੋਤ ਨਾਲ ਹੱਥ ਮਲਾਉਂਦੇ ਹੋਏ ਕਹਿੰਦੀ ਹੈ,"ਤੂੰ ਭੂਤਨੀਏ,ਸੇਚਰਡੇ ਕਿਓਂ ਨਹੀਂ ਆਈ..?"ਮੈਂ ਸਾਰਾ ਦਿਨ ਇਕੱਲੀ ਬੋਰ ਹੁੰਦੀ ਰਹੀ। ਜੇ ਛੁੱਟੀ ਕਰਨੀ ਸੀ ਮੈਨੂੰ ਵੀ ਦੱਸ

ਦਿੰਦੀ, ਮੈਂ ਵੀ ਨਾ ਆਉਂਦੀ।

ਸੋਰੀ ਯਾਰ,ਮੇਰਾ ਕੋਈ ਇਰਾਦਾ ਨਹੀਂ ਸੀ ਛੁੱਟੀ ਕਰਨ ਦਾ। ਬਸ ਅਚਾਨਕ ਹੀ ਕਰਨੀ ਪੈ ਗਈ,ਜੋਤ ਨੇ ਸਾਧਾਰਨ ਤਰੀਕੇ ਨਾਲ ਜਵਾਬ ਦਿੱਤੀ।

ਜੋਤ ਘਰ ਸਭ ਠੀਕ ਠਾਕ ਤਾਂ ਹੈ ਨਾ,ਅੰਮ੍ਰਿਤ ਨੇ ਪ੍ਰੇਸ਼ਾਨ ਹੁੰਦੇ ਪੁੱਛਿਆ। ਸਭ ਠੀਕ ਹੈ ਮੇਰੀ ਜਾਨ,ਚਿੰਤਾ ਨਾ ਕਰ। ਦਰਅਸਲ.......ਅਜੇ ਜੋਤ ਬੋਲ ਹੀ ਰਹੀ ਸੀ ਕਿ ਮੈਥ ਵਾਲੇ ਅਧਿਆਪਕ ਕਲਾਸ ਵਿਚ ਆ ਗਏ। ਜੋਤ ਨੇ ਬੈਂਚ ਤੇ ਬੈਠਦੇ ਅੰਮ੍ਰਿਤ ਨੂੰ ਬੋਲੀ ਰਿਸੈਸ ਸਮੇ ਦੱਸੂ ਗੱਲ ......ਹੁਣ ਪੜ੍ਹ ਲਈਏ।

ਪਹਿਲੇ ਚਾਰ ਲੈਕਚਰ ਲੱਗਣ ਤੋਂ ਬਾਅਦ  ਰਿਸੈਸ ਹੋਣ ਤੇ ਅੰਮ੍ਰਿਤ ਅਤੇ ਜੋਤ ਕੰਟੀਨ ਨੂੰ ਤੁਰ ਪੈਂਦੀਆਂ ਨੇ। ਕੰਟੀਨ ਜਾ ਕੇ ਦੋਨੋ ਪੈਟੀਜ਼ ਦੇ ਨਾਲ ਚਾਹ ਆਰਡਰ ਕਰਦੀਆਂ  ਹਨ। ਪੈਟੀਜ਼ ਖਾ ਤੇ ਚਾਹ ਪੀ ਕੇ ਦੋਨੋ ਗਰਾਉਂਡ ਚ ਬਣੇ ਬੈਂਚ ਉੱਪਰ  ਬੈਠ ਜਾਂਦੀਆਂ ਹਨ। ਜੋਤ ਅੰਮ੍ਰਿਤ ਨੂੰ ਸੇਚਰਡੇ ਨੂੰ ਜੋ ਵੀ ਕੰਮ ਅਧਿਆਪਕਾਂ ਵਲੋਂ ਕਰਵਾਇਆ ਗਿਆ,ਉਸ ਬਾਰੇ ਪੁੱਛਦੀ ਹੈ।

ਅੰਮ੍ਰਿਤ ਸਾਰੇ ਸੁਬਜੇਕ੍ਰ ਦੇ ਕੰਮ ਬਾਰੇ ਦੱਸ ਕਿ ਜੋਤ ਨੂੰ ਪੁੱਛਦੀ ਹੈ ਕਿ," ਹੁਣ ਤੂੰ ਦੱਸ ,ਕਿਓਂ ਨਹੀਂ ਆਈ ਤੂੰ ਕਾਲਜ?"ਯਾਰ,ਉਸ ਦਿਨ ਜਦੋ ਮੈਂ ਕਾਲਜ ਤੋਂ ਘਰ ਗਈ ਤਾਂ ਬਹੁਤ ਉਦਾਸ ਸੀ ਕਿਓਂਕਿ ਜੋ ਵੀ ਤੂੰ ਆਪਣੀ ਦੂਜੀ ਮੰਮੀ ਬਾਰੇ ਦੱਸਿਆ,ਉਹ ਗੱਲਾਂ ਮੇਰੇ ਦਿਮਾਗ ਚੋ ਨਿੱਕਲ  ਨਹੀਂ ਸੀ ਰਹੀਆਂ। ਜਦੋ ਮੈਂ ਘਰ ਪਹੁੰਚੀ ਤਾਂ ਘਰੇ ਮੇਰੇ ਪਹਿਲੇ ਨਾਨਕੇ ਆਏ ਹੋਏ ਸੀ,ਜੋਤ ਸਧਾਰਨ ਲਹਿਜੇ ਚ ਬੋਲਿਆ.|

ਅੰਮ੍ਰਿਤ(ਹੈਰਾਨ ਹੁੰਦੇ ਹੋਏ)-ਪਹਿਲੇ ਨਾਨਕੇ....?    ਮਤਲਬ?

ਨਾਨਕੇ ਤਾਂ ਇਕੋ ਹੀ ਹੁੰਦੇ ਆ। ਦੋ ਤਾਂ ਨਹੀਂ ਹੁੰਦੇ।

ਜੋਤ :- (ਖੁਸ਼ੀ ਵਿਚ)ਹਾਂਜੀ,ਇਕੋ ਹੀ ਹੁੰਦੇ ਹਾਂ। ਪਰ,ਮੇਰੇ ਦੋ ਨੇ।

ਅੰਮ੍ਰਿਤ(ਹੈਰਾਨ ਹੁੰਦੇ ਹੋਏ)- ਉਹ ਕਿਵੇਂ ?

ਦਰ੍ਅਸਲ,ਮੇਰੇ ਮੰਮਾ,ਦੀ ਡੈਥ ਹੋ ਚੁੱਕੀ ਹੈ ਜਦੋ ਮੈਂ ਤਿੰਨ ਸਾਲ ਦੀ ਸੀ । ਪਰ ਮੈਨੂੰ ਮੇਰੇ ਰੀਅਲ ਮੰਮਾ ਬਾਰੇ ਕੁਝ ਵੀ ਯਾਦ ਨਹੀਂ ।ਬਿੰਦਰ ਮੰਮਾ ਨੂੰ ਹੀ ਹਮੇਸ਼ਾ ਆਪਣੇ ਮੰਮਾ ਦੇ ਰੂਪ ਚ ਦੇਖਿਆ । ਉਸ ਦਿਨ ਜਦ ਮੈਂ ਘਰ ਗਈ ਤਾਂ ਮੈਨੂੰ ਪਤਾ ਲੱਗਾ ਕਿ ਬਿੰਦਰ ਮੰਮਾ ਮੇਰੇ ਦੂਜੇ ਮੰਮਾ ਨੇ।

ਅੰਮ੍ਰਿਤ(ਹੈਰਾਨ ਹੁੰਦੇ ਹੋਏ):- ਮਤਲਬ,ਇਹ ਤੇਰੀ ਮੰਮੀ ਨਹੀਂ ਆ।

ਇਹਦਾ ਮਤਲਬ,ਤੇਰੇ ਘਰ ਵੀ ਮੇਰੇ ਘਰ ਵਾਲਾ ਹਾਲ ਹੈ। ਤੇਰੇ ਮੰਮੀ ਵੀ ਤੇਰਾ ਨਹੀਂ ਕਰਦੇ। ਤੇਰੇ ਨਾਲ ਵੀ ਘਰ ਬੁਰਾ ਸਲੂਕ ਕੀਤਾ ਜਾਂਦਾ ਹੈ।

ਜੋਤ :- (ਖੁਸ਼ੀ ਵਿਚ):- ਨਹੀਂ ਪਾਗਲ,ਮੇਰੇ ਮੰਮਾ ਤਾਂ ਬੈਸਟ ਨੇ। ਜਿਨ੍ਹਾਂ ਉਨ੍ਹਾਂ ਨੇ ਮੇਰੇ ਲਈ ਕੀਤਾ ਅਤੇ ਕਰ ਰਹੇ ਹਨ। ਸ਼ਾਇਦ ਮੇਰੇ ਖੁਦ ਦੇ ਮੰਮਾ ਹੁੰਦੇ ਉਹ ਵੀ ਨਹੀਂ ਕਰਦੇ।ਉਹ ਵਰਲਡ ਦੇ ਬੈਸਟ ਮੰਮਾ ਨੇ।

ਫਿਰ ਜੋਤ ਅੰਮ੍ਰਿਤ ਨੂੰ ਉਹ ਸਾਰਾ ਕੁੱੱਝ ਦੱਸਦੀ ਹੈ ਜੋ ਉਸਦੀ ਦਾਦੀ ਨੇ ਉਸਨੂੰ ਦੱਸਿਆ ਅਤੇ ਬਿੰਦਰ ਨੇ ਉਸ ਲਈ ਕੀਤਾ।

ਮੈਨੂੰ ਅੱਜ ਤੱਕ ਮਹਿਸੂਸ ਹੀ ਨਹੀਂ ਹੋਇਆ ਕਿ ਉਹ ਮੇਰੇ ਮੰਮਾ ਨਹੀਂ ਨੇ।ਉਨ੍ਹਾਂ ਨੇ ਮੈਨੂੰ ਜਨਮ ਨਹੀਂ ਦਿੱਤਾ।

ਅੰਮ੍ਰਿਤ(ਹੈਰਾਨ ਅਤੇ ਖੁਸ਼ ਹੁੰਦੇ ਹੋਏ):- ਯਾਰ,ਇਸ ਦੁਨੀਆਂ ਚ ਇੰਨ੍ਹੇ ਚੰਗੇ ਲੋਕ ਵੀ ਨੇ ਜੋ ਦੂਜੇ ਦੀ ਧੀ ਨਾਲ ਇੰਨ੍ਹਾਂ ਕਰਦੇ ਨੇ । ਯਕੀਨ ਨਹੀਂ ਹੁੰਦਾ। ਤੂੰ ਬਹੁਤ ਕਿਸਮਤ ਵਾਲੀ ਹੈ ,ਜੋਤ। ਤੈਨੂੰ ਇੰਨ੍ਹੇ ਚੰਗੇ ਮੰਮੀ ਮਿਲੇ।ਕਾਸ਼!ਮੇਰੀ ਕਿਸਮਤ ਵੀ ਇੱਦਾਂ ਦੀ ਹੁੰਦੀ।ਮੇਰੀ ਦੂਜੀ ਮੰਮੀ ਵੀ ਮੈਨੂੰ ਬਹੁਤ ਪਿਆਰ ਕਰਦੀ ਤਾਂ ਕਿੰਨਾ ਵਧੀਆ ਹੋਣਾ ਸੀ,ਹੰਝੂਆਂ ਨਾਲ

ਭਰੀਆਂ ਅੱਖਾਂ ਨਾਲ ,ਜੋਤ ਵੱਲ ਦੇਖਿਆ।

ਜੋਤ ਨੇ ਅੰਮ੍ਰਿਤ ਦੀਆਂ ਅੱਖਾਂ ਪੂੰਝਦੇ ਹੋਏ ਕਹਿਣ ਲੱਗੀ ," ਤੂੰ ਚਿੰਤਾ ਨਾ ਕਰ,ਕਦੇ ਨਾ ਕਦੇ ਤੇਰੇ ਮੰਮਾ ਨੂੰ ਆਪਣੀ ਗਲਤੀ ਦਾ ਅਹਿਸਾਸ ਜਰੂਰ ਹੋਵੇਗਾ ਅਤੇ ਉਹ ਤੈਨੂੰ ਬਹੁਤ ਪਿਆਰ ਕਰਨਗੇ।"ਅੰਮ੍ਰਿਤ ,ਮੇਰੇ ਦਾਦੀ ਅਤੇ ਮੰਮਾ ਕਹਿੰਦੇ ਹੁੰਦੇ ਨੇ ਕਿ ਵਾਹਿਗੁਰੂ ਜੋ ਕਰਦਾ ਸਾਡੇ ਚੰਗੇ ਲਈ ਹੀ ਕਰਦਾ ਹੈ। ਸਾਨੂੰ ਪਰਮਾਤਮਾ ਤੇ ਯਕੀਨ ਰੱਖਣਾ ਚਾਹੀਦਾ ਹੈ। ਓਹਦੇ ਕੀਤੇ ਹਰ ਇੱਕ ਕੰਮ ਪਿੱਛੇ ਕੋਈ ਕਾਰਨ ਹੁੰਦਾ ਹੈ। ਤੂੰ ਦੇਖੀ ਤੇਰੀ ਜ਼ਿੰਦਗੀ ਚ ਵੀ ਬਹੁਤ ਖੁਸ਼ੀਆਂ ਆਉਣਗੀਆਂ।

ਪਤਾ ਨਹੀਂ ਜੋਤ,ਉਹ ਦਿਨ ਕਦੋ ਆਉਣਗੇ,ਉਦਾਸ ਹੁੰਦੇ ਅੰਮ੍ਰਿਤ ਬੋਲੀ । ਚਲ ਤੂੰ ਮੇਰੀ ਛੱਡ,ਮੈਂ ਤੇਰੇ ਲਈ ਬਹੁਤ ਖੁਸ਼ ਹਾਂ ।

ਇਨ੍ਹੇ ਨੂੰ ਰਿਸੈਸ ਖ਼ਤਮ ਹੋ ਜਾਂਦੀ ਹੈ ਅਤੇ ਦੋਨੋ ਜਾਣੀਆਂ ਉੱਠ ਕੇ ਕਲਾਸ ਵੱਲ ਨੂੰ ਤੁਰ ਪੈਂਦੀਆਂ ਨੇ। ਬਾਕੀ ਦੇ ਰਹਿੰਦੇ ਲੈਕਚਰ ਲਗਾ ਕੇ ਛੁੱਟੀ ਹੋਣ ਤੋਂ ਬਾਅਦ ਜੋਤ ਅੰਮ੍ਰਿਤ ਇਕ ਦੂਜੇ ਨੂੰ ਬਾਏ ਬੋਲ ਆਪਣੇ ਆਪਣੇ ਘਰ ਨੂੰ ਤੁਰ ਪੈਂਦੀਆਂ ਹਨ।

ਅਗਲੇ ਦਿਨ ਸਵੇਰੇ,ਜੋਤ ਉੱਠ ਕੇ ਨਹਾ ਕੇ ਪਾਠ ਕਰਕੇ ਹਟਦੀ ਹੈ ਤਾਂ ਬਿੰਦਰ ਖੁਸ਼ ਹੋ ਕੇ ਜੋਤ ਨੂੰ ਹੈਪੀ ਬਰ੍ਥਡੇ ਵਿਸ਼ ਕਰਦੀ ਕਹਿੰਦੀ ਹੈ ਕਿ,"ਪੁੱਤ,ਵਾਹਿਗੁਰੂ ਤੈਨੂੰ ਤਰੱਕੀਆਂ ਬਖਸ਼ੇ ਅਤੇ ਤੇਰੀ ਹਰ ਇਛਾ ਪੂਰੀ ਕਰੇ।"ਬਿੰਦਰ ਨੂੰ ਘੁੱਟ ਕੇ ਜੱਫੀ ਪਾਉਂਦੇ ਹੋਏ ਜੋਤ,ਬਿੰਦਰ ਨੂੰ ਕਹਿੰਦੀ ਹੈ ਕਿ," ਥੈਂਕਸ ਮੋਮ ਐਂਡ ਆਈ ਲਵ ਯੂ ਸੋ ਮੁੱਚ ।" ਦੋਨੋ ਲੋਬੀ ਚ ਇਕ ਦੂਜੇ ਨੂੰ ਘੁੱਟ ਕੇ ਜੱਫੀ ਪਾਏ ਖੜੀਆਂ ਹੁੰਦੀਆਂ ਨੇ ਕਿ ਇਨ੍ਹੇ ਮਨਪ੍ਰੀਤ ਵੀ ਹਵੇਲੀ ਚੋ ਧਾਰਾਂ ਕੱਢ ,ਦੁੱਧ ਵਾਲੀ ਬਾਲਟੀ ਫੜੀ ਲੋਬੀ ਵਿਚ ਵੜਦੇ ਹੋਏ ਜੋਤ ਨੂੰ ਕਹਿੰਦਾ ਹੈ," ਜਨਮ ਦਿਨ ਬਹੁਤ ਬਹੁਤ ਮੁਬਾਰਕਾਂ ,ਜੋਤ।"

ਜੋਤ ਖੁਸ਼ੀ ਵਿਚ ਮਨਪ੍ਰੀਤ ਨੂੰ ਜਵਾਬ ਦਿੰਦੀ ਹੈ," ਥੈਂਕਸ ਪਾਪਾ।"

ਬਿੰਦਰ ਮਨਪ੍ਰੀਤ ਤੋਂ ਦੁੱਧ ਵਾਲੀ ਬਾਲਟੀ ਫੜ ਰਸੋਈ ਚ ਜਾਂਦੀ ਜੋਤ ਕਹਿੰਦੀ ਹੈ ਕਿ ਪੁੱਤ ,ਮੰਮੀ ਵੀ ਪੁੱਛ ਰਹੇ ਸੀ ਕਿ ਜੋਤ ਉੱਠੀ ਕੇ ਨਹੀਂ,ਜਦੋ ਮੈਂ ਉਨ੍ਹਾਂ ਦੇ ਕਮਰੇ ਚ ਚਾਹ ਫੜਾਉਣ ਗਈ ਸੀ । ਜਾ,ਮਿਲ ਆ। "ਠੀਕ ਹੈ ਮੰਮਾ,ਜਾਂਦੀ ਹਾਂ",ਕਹਿ ਕੇ ਜੋਤ ਦਾਦੀ ਆਪਣੀ ਦੇ ਕਮਰੇ ਵੱਲ ਨੂੰ ਤੁਰ ਪੈਂਦੀ ਹੈ।

ਕਿਸ਼ਨ ਕੋਰ ਆਪਣੇ ਕਮਰੇ ਚ ਮੰਜੀ ਤੇ ਚੋਕੜੀ ਮਾਰੀ  ਬੈਠੀ 108 ਮਣਕਿਆਂ ਵਾਲੀ ਮਾਲਾ,ਸੱਜੇ ਹੱਥ ਫੜ੍ਹੀ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰ ਰਹੀ ਸੀ। ਜੋਤ ਨੂੰ ਕਮਰੇ ਚ ਵੜਦੀ ਦੇਖ ,ਜਨਮ ਦਿਨ ਦੀ ਵਧਾਈ ਮੇਰੀ ਧੀ ਨੂੰ,ਵਾਹਿਗੁਰੂ ਹਮੇਸ਼ਾ ਖੁਸ਼ ਰੱਖੇ ਤੈਨੂੰ,ਕਿਸ਼ਨ ਕੋਰ ਬੋਲੀ । ਥੈਂਕਸ ਬੀਜੀ!ਜੋਤ ਕਿਸ਼ਨ ਘੁੱਟ ਕੇ ਜੱਫੀ ਪਾਉਂਦੀ ਕਹਿੰਦੀ ਹੈ। ਇਨ੍ਹੇ ਨੂੰ ਬਿੰਦਰ ਫੋਨ ਤੇ ਗੱਲਾਂ ਕਰਦੀ ਕਿਸ਼ਨ ਕੋਰ ਦੇ ਕਮਰੇ ਚ ਦਾਖਲ ਹੁੰਦੀ ਹੈ ਅਤੇ ਜੋਤ ਨੂੰ ਫੋਨ ਫੜਾਉਂਦੀ ਹੋਈ ।ਜੋਤ ,ਪਰਮਜੀਤ ਭੈਣ ਜੀ ਦਾ ਫੋਨ,ਆ ਗੱਲ ਕਰ ਲੈ । ਜੋਤ,ਫੋਨ ਫੜ੍ਹ ਕੇ ਕੰਨ ਨਾਲ ਲਾ ਕੇ 'ਹੈਲੋ' ਬੋਲਦੀ ਹੈ।

ਪਰਮਜੀਤ(ਪਿਆਰ ਨਾਲ) :- ਜਨਮ ਦਿਨ ਦੀ ਬਹੁਤ ਬਹੁਤ ਵਧਾਈ ਹੋਵੇ ਮੇਰੀ ਧੀ ਨੂੰ।

ਜੋਤ(ਘਬਰਾਉਂਦੇ ਹੋਏ):- ਸਤਿ ਸ਼੍ਰੀ ਅਕਾਲ,ਮੰਮੀ ਜੀ। ਥੈਂਕਸ ਯੂ ।

ਪਰਮਜੀਤ(ਪਿਆਰ ਨਾਲ):- ਸਤਿ ਸ਼੍ਰੀ ਅਕਾਲ,ਪੁੱਤ ।ਕਿਵੇਂ ਆ ?

ਜੋਤ:- ਵਧੀਆ ਮੰਮੀ ਜੀ। ਤੁਸੀਂ ਕਿਵੇਂ ਹੋ?

ਪਰਮਜੀਤ:- ਅਸੀਂ ਵੀ ਵਧੀਆ । ਹੋਰ ਤੇਰੀ ਸਟੱਡੀ ਕਿਵੇਂ ਚਲਦੀ ਹੈ।

ਜੋਤ:- ਜੀ,ਵਧੀਆ। ਮੰਮੀ ਜੀ,ਪਾਪਾ ਜੀ ਕਿਵੇਂ ਨੇ ?

ਪਰਮਜੀਤ:- ਵਧੀਆ ਨੇ ਪੁੱਤ । ਕੋਲ ਹੀ ਨੇ,ਆ ਕਰਲਾ ਗੱਲ।ਇਹ ਕਹਿ ਕੇ ਪਰਮਜੀਤ,ਬਿਕਰਮਜੀਤ ਨੂੰ ਫੋਨ ਫੜਾ ਦਿੰਦੀ ਹੈ।

ਬਿਕਰਮਜੀਤ(ਹਰਮਨ ਦੇ ਪਾਪਾ) :- ਵਧੀਆ ਹੋਵੇ ਪੁੱਤ,ਜਨਮ ਦਿਨ ਦੀ।

ਜੋਤ :- ਸਤਿ ਸ਼੍ਰੀ ਅਕਾਲ,ਪਾਪਾ ਜੀ। ਥੈਂਕਸ ਯੂ ।

ਬਿਕਰਮਜੀਤ:- ਪੁੱਤਰ ਜੀ,ਕਿਵੇਂ ਹੋ ?

ਜੋਤ:- ਵਧੀਆ ਪਾਪਾ ਜੀ,ਤੁਸੀਂ ਕਿਵੇਂ ਹੋ?

ਬਿਕਰਮਜੀਤ :- ਮੈਂ ਵੀ ਠੀਕ ਆ ਪੁੱਤਰ ।

ਆ ਮੰਮੀ ਆਪਣੀ ਨਾਲ ਗੱਲ ਕਰਲਾ,ਇਨ੍ਹਾਂ ਕਹਿ ਕੇ ਬਿਕਰਮਜੀਤ ਫਿਰ ਪਰਮਜੀਤ ਨੂੰ ਫੋਨ ਫੜਾ ਦਿੰਦਾ ਹੈ।

ਪਰਮਜੀਤ ਫੋਨ ਫੜ ਕੇ ਕੰਨ ਨੂੰ ਲਾ ਜੋਤ ਨੂੰ ਕਹਿੰਦੀ ਹੈ ਕਿ ਪੁੱਤ ,ਹਰਮਨ ਨੇ ਵੀ ਤੈਨੂੰ ਵਧਾਈ ਦੇਣੀ ਸੀ ਜਨਮ ਦਿਨ ਤੇ। ਆਹ ਉਸ ਨਾਲ ਗੱਲ ਕਰੀ।ਜੋਤ ਨੇ ਆਪਣੇ ਰੋਕੇ ਤੋਂ ਬਾਅਦ ਪਹਿਲੀ ਵਾਰ ਹਰਮਨ ਨਾਲ ਗੱਲ ਕਰਨੀ ਸੀ।

ਹਰਮਨ:- ਹੈਲੋ

ਜੋਤ( ਸੰਗਦੇ ਅਤੇ ਘਬਰਾਉਂਦੇ ਹੋਏ):- ਸਤਿ ਸ਼੍ਰੀ ਅਕਾਲ ਜੀ

(ਹਰਮਨ ਦੀ ਆਵਾਜ਼ ਸੁਣ ਕੇ ਜੋਤ ਦਾ ਦਿਲ ਜ਼ੋਰ ਜ਼ੋਰ ਦੀ ਧੜਕਣਾ ਸ਼ੁਰੂ ਹੋ ਜਾਂਦਾ ਹੈ।)

ਹਰਮਨ :- ਸਤਿ ਸ਼੍ਰੀ ਅਕਾਲ ਜੋਤ ।

happy birthday jot | "may all your birthday wishes come true!”

ਜੋਤ:- thank you

ਹਰਮਨ ਜੋਤ ਦੀ ਆਵਾਜ਼ ਸੁਣ ਸਮਝ ਜਾਂਦਾ ਹੈ ਕਿ ਜੋਤ ਘਬਰਾ ਰਹੀ ਹੈ ਅਤੇ ਜੋਤ ਨੂੰ ਬਾਏ ਬੋਲ ਆਪਣੀ ਮੰਮੀ ਨੂੰ ਫੋਨ ਫੜਾ ਦਿੰਦਾ ਹੈ।

ਜੋਤ ਵੀ ਜਾ ਕੇ ਫੋਨ ਬਿੰਦਰ ਨੂੰ ਫੜਾਉਂਦੇ ਹੋਏ ਕਹਿੰਦੀ ਹੈ," ਮੰਮਾ,ਪਰਮਜੀਤ ਮੰਮਾ ਨਾਲ

ਗੱਲ ਕਰ ਲੋ।

ਪਰਮਜੀਤ:- ਬਿੰਦਰ ਮੈਂ ਤੇਰੇ ਨਾਲ ਇਕ ਗੱਲ ਕਰਨੀ ਸੀ।

ਬਿੰਦਰ :-ਹਾਂਜੀ,ਦੀਦੀ ਦੱਸੋ।

ਪਰਮਜੀਤ :- ਜੇ ਤੂੰ ਗੁੱਸਾ ਨਾ ਕਰੇ ਤਾਂ ਮੈਂ ਚਾਹੁੰਦੀ ਹਾਂ ਕਿ ਹਰਮਨ ਅਤੇ ਜੋਤ ਨੂੰ ਇਕ ਦੂਜੇ ਨਾਲ ਗੱਲ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ। ਦੋਨਾਂ ਦਾ ਝਾਕਾ ਵੀ ਖੁਲ੍ਹੇਗਾ ਅਤੇ ਦੋਨੋ ਇਕ ਦੂਜੇ ਨੂੰ ਸਮਝ ਵੀ ਲੈਣਗੇ। ਨਾਲੇ ਅੱਜ ਕਲ ਸਾਰੇ ਰੋਕਾ ਹੋਣ ਤੋਂ ਬਾਅਦ ਗੱਲ ਕਰਦੇ ਆ।

ਬਿੰਦਰ :- ਦੀਦੀ ਮੈਂ ਤੁਹਾਡੀ ਗੱਲ ਸਮਝਦੀ ਹਾਂ। ਇਸੇ ਲਈ ਜੋਤ ਦੇ ਪਾਪਾ ਨੇ ਜੋਤ ਲਈ ਫੋਨ ਲਿਆ ਹੈ ਜੋ ਉਸਨੂੰ ਅੱਜ ਗਿਫ਼੍ਰ ਕਰਨਾ ਹੈ।

(ਰਸੋਈ ਤੋਂ ਬਾਹਰ ਦੇਖਦੇ ਹੋਏ ਕਿ ਕੀਤੇ ਜੋਤ ਫੋਨ ਵਾਲੀ ਗੱਲ ਸੁਣ ਨਾ ਲਵੇ।)

ਪਰ,ਜੋਤ ਅਤੇ ਹਰਮਨ ਆਪਸ ਵਿਚ ਐਤਵਾਰ ਹੀ ਗੱਲ ਕਰਿਆ ਕਰਨਗੇ । ਕਈ ਵਾਰ ਜਿਆਦਾ ਗੱਲਾਂ ਕਰਨ ਤੇ ਆਪਸ ਵਿਚ ਦਰਾਰ ਪੈ ਜਾਂਦੀ ਹੈ।

ਪਰਮਜੀਤ:- ਸਮਝਦੀ ਹਾਂ ਤੇਰੀ ਗੱਲ ,ਬਿੰਦਰ। ਕਈ ਵਾਰ ਜਿਆਦਾ ਗੱਲਾਂ ਨਾਲ ਰਿਸ਼ਤੇ ਟੁੱਟ ਜਾਂਦੇ ਹਨ। ਕੋਈ ਨਾ ਮੈਂ ਹਰਮਨ ਨੂੰ ਸਮਝਾ ਦੇਵਾਂਗੀ।

ਹਰਮਨ ਅਤੇ ਜੋਤ  ਸੰਡੇ ਹੀ ਗੱਲ ਕਰਿਆ ਕਰਨਗੇ।

ਬਿੰਦਰ :- ਹਾਂਜੀ ਦੀਦੀ। ਮੈਂ ਤੁਹਾਨੂੰ ਜੋਤ ਦਾ ਮੋਬਾਈਲ ਨੰਬਰ ਸੈਂਡ ਕਰ ਦੇਵਾਂਗੀ।

ਚਲੋ ਦੀਦੀ! ਮੈਂ ਕੱਟ ਦੀ ਹਾਂ ਫੋਨ। ਬੱਚਿਆਂ ਨੇ ਪੜ੍ਹਨ ਜਾਣਾ ਹੈ ,ਮੈਂ ਰੋਟੀ ਪਕਾ ਲਵਾਂ।

ਪਰਮਜੀਤ:-ਚੰਗਾ ਬਿੰਦਰ ।

ਫੋਨ ਕੱਟ ਕੇ ਬਿੰਦਰ ਰੋਟੀ ਪਕਾਉਣ ਲਗ ਜਾਂਦੀ ਹੈ।

ਗੁਰਬਾਜ ਅਤੇ ਗੁਰਨਾਜ਼ ਵੀ ਉੱਠ ਕੇ ਜੋਤ ਨੂੰ ਬਰਥਡੇ ਵਿਸ਼ ਕਰਕੇ ਸਕੂਲ ਲਈ ਤਿਆਰ

ਹੋਣ ਲਗ ਜਾਂਦੇ ਹਨ। ਜੋਤ ਰੋਟੀ ਖਾ ਕੇ ਬਿੰਦਰ ਕੋਲੋਂ ਕਾਲਜ ਚ ਪਾਰਟੀ ਕਰਨ ਲਈ ਪੈਸੇ ਲੈ ਕੇ  ਕਾਲਜ ਲਈ ਚਲੀ ਜਾਂਦੀ ਹੈ। ਜੋਤ ਕਲਾਸ ਵਿਚ ਜਾਂਦੀ ਹੈ ਤਾਂ ਅੰਮ੍ਰਿਤ ਜੋਤ ਨੂੰ ਹੈਪੀ ਬਰ੍ਥਡੇ ਵਿਸ਼ ਕਰਦੀ ਹੈ। ਕਲਾਸ ਵਿਚ ਹੋਰ ਸਟੂਡੈਂਟਸ ਨੂੰ ਜਦੋ ਪਤਾ ਲਗਦਾ ਹੈ ਕਿ ਅੱਜ ਜੋਤ ਦਾ ਬਰ੍ਥਡੇ ਹੈ ਤਾਂ ਸਭ ਜੋਤ ਨੂੰ ਬਰ੍ਥਡੇ ਵਿਸ਼ ਕਰਦੇ ਹਨ।

ਰਿਸੈਸ ਵੇਲੇ ਜੋਤ ਅੰਮ੍ਰਿਤ ਅਤੇ ਉਨ੍ਹਾਂ ਦੇ ਕੁਝ ਹੋਰ ਦੋਸਤ ਕੰਟੀਨ ਜੋਤ ਦੇ ਬਰਥਡੇ ਦੀ ਪਾਰਟੀ ਕਰਨ ਚੱਲੇਂਗੇ। ਸਾਰੇ ਦੋਸਤ ਕੰਟੀਨ ਚ ਮੇਜ ਦੇ ਦੁਆਲੇ ਲੱਗੀਆਂ ਕੁਰਸੀਆਂ ਤੇ ਬੈਠ ਗਏ ਅਤੇ ਜੋਤ ਕਾਉਂਟਰ ਤੇ ਪੈਟੀਜ਼,ਪੀਜੇ ਅਤੇ ਇੱਕ ਲਿਟਰ ਕੋਕ ਦੀ ਬੋਤਲ ਦਾ ਆਰਡਰ ਦੇ ਕੇ ਆਪਣੇ ਦੋਸਤਾਂ ਕੋਲ ਆ ਕੇ ਬੈਠ ਗਈ।  ਥੋੜ੍ਹੇ ਦੇਰ ਬਾਅਦ ਕੰਟੀਨ ਵਾਲੇ ਅੰਕਲ ਨੇ ਜੋਤ ਨੂੰ ਆਵਾਜ਼ ਲਗਾਈ ਕਿ," ਆਪਣਾ ਆਰਡਰ ਲੈ ਜਾਉ।" ਜੋਤ ਅਤੇ ਅੰਮ੍ਰਿਤ ਨੇ ਪੈਟੀਜ਼,ਪੀਜਾ  ਅਤੇ ਕੋਕ ਦੀ ਬੋਤਲ ਨਾਲ ਕੁਝ ਗਲਾਸ ਲਿਆ ਕੇ ਮੇਜ ਤੇ ਰੱਖ ਦਿੱਤੇ। ਸਭ ਨੇ ਪੈਟੀਜ਼,ਪੀਜਾ ਖਾਧਾ ਅਤੇ ਕੋਕ ਪੀਤੀ। ਸਭ ਨੇ ਬਹੁਤ ਮਸਤੀ ਕੀਤੀ।

ਬਾਕੀ ਦੇ ਰਹਿੰਦੇ ਲੈਕਚਰ ਲਗਾ ਕੇ ਜਦੋ ਜੋਤ ਘਰ ਆਈ ਤਾਂ ਆਪਣੇ ਕਮਰੇ ਨੂੰ ਦੇਖ ਉਹ ਹੈਰਾਨ ਰਹਿ ਗਈ। ਬਿੰਦਰ ਅਤੇ ਮਨਪ੍ਰੀਤ ਨੇ ਜੋਤ ਵਾਲੇ ਕਮਰੇ ਨੂੰ ਗੁਬਾਰਿਆਂ ਨਾਲ ਸਜਾਇਆ ਹੋਇਆ ਸੀ। ਮੇਜ ਦੇ ਉੱਪਰ ਜੋਤ ਦਾ ਮਨਪਸੰਦ ਕੇਕ ਪਿਆ ਹੋਇਆ ਸੀ ਜਿਸ ਤੇ ਹੈਪੀ ਬਰ੍ਥਡੇ ਜੋਤ ਲਿਖਿਆ ਹੋਇਆ ਸੀ।

ਜੋਤ ਦੇ ਪਿੱਛੇ ਹੀ ਮਨਪ੍ਰੀਤ,ਗੁਰਬਾਜ ,ਗੁਰਨਾਜ਼,ਬਿੰਦਰ ਅਤੇ  ਕਿਸ਼ਨ ਕੌਰ ਸਾਰੇ ਕਮਰੇ ਵਿਚ ਆ ਗਏ। ਖੁਸ਼ੀ ਦੇ ਮਾਰੇ ਜੋਤ ਦੇ ਮੂੰਹ ਚੋ ਸ਼ਬਦ ਨਹੀਂ ਸੀ ਨਿਕਲ ਰਹੇ।
ਸਭ ਤੋਂ ਪਹਿਲਾ ਜੋਤ ਨੇ ਕੇਕ ਕੱਟਿਆ ਅਤੇ ਬਿੰਦਰ ਨੇ ਕੇਕ ਦਾ ਛੋਟਾ ਜਿਹਾ ਟੁੱਕੜਾ ਲੈ ਕੇ ਜੋਤ ਦੇ ਮੂੰਹ ਚ ਪਾ ,ਉਸਦਾ ਮੂੰਹ ਮੀਠਾ ਕਰਵਾਇਆ। ਇੱਦਾਂ ਹੀ ਵਾਰੀ ਵਾਰੀ ਸਭ ਨੇ ਜੋਤ ਨੂੰ ਅਤੇ ਜੋਤ ਨੇ ਸਭ ਨੂੰ ਕੇਕ ਖਵਾ ਕੇ ਮੂੰਹ ਮੀਠਾ ਕਰਵਾਇਆ ਅਤੇ ਫੋਟੋ ਖਿੱਚੀਆਂ।

ਮਨਪ੍ਰੀਤ ਨੇ ਆਪਣੀ ਪੇਂਟ ਦੇ ਜੇਬ ਵਿੱਚੋ ਮੋਬਾਈਲ ਕੱਢ ਕੇ ਜੋਤ ਦੇ ਹੱਥ ਵਿੱਚ ਫੜਾਉਂਦੇ ਹੋਏ ਬੋਲਿਆ ," ਪੁੱਤ,ਆਹ ਤੇਰਾ ਬਰ੍ਥਡੇ ਗਿਫ਼੍ਟ ਆ,ਸਾਡੇ ਸਾਰਿਆਂ ਵਲੋਂ।"ਜੋਤ ਫੋਨ ਦੇਖ ਕੇ ਖੁਸ਼ ਹੋ ਗਈ ਅਤੇ ਆਪਣੇ ਪਾਪਾ ਨੂੰ ਘੁੱਟ ਕੇ ਜੱਫੀ ਪਾ ਲਈ।

ਰਾਤ ਨੂੰ ਕਮਰੇ ਚ ਬੈਡ ਤੇ ਬੈਠਿਆਂ ਬਿੰਦਰ ਜੋਤ ਨੂੰ ਸਮਝਾਉਂਦਿਆਂ ਬੋਲੀ ," ਪੁੱਤ,ਪਰਮਜੀਤ ਦੀਦੀ ਕਹਿੰਦੇ ਸਨ ਕਿ ਜੋਤ ਅਤੇ ਹਰਮਨ ਇੱਕ ਦੂਜੇ ਨਾਲ ਗੱਲ ਕਰਿਆ ਕਰਨ ।" ਇਨ੍ਹਾਂ ਦਾ ਝਾਕਾ ਖੁੱਲ੍ਹੇਗਾ ਅਤੇ ਇਹ ਇੱਕ ਦੂਜੇ ਨੂੰ ਜਾਣ ਵੀ ਲੈਣਗੇ। ਮੈਂ ਉਨ੍ਹਾਂ ਨੂੰ ਹਾਂ ਕਰ ਦਿੱਤੀ ਹੈ ਅਤੇ ਤੇਰਾ ਮੋਬਾਈਲ ਨੰਬਰ ਵੀ ਦੀਦੀ ਦੇ ਫੋਨ ਤੇ ਸੈਂਡ ਕਰ ਦਿੱਤਾ ਹੈ। ਪਰ, ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਹਰਮਨ ਸਿਰਫ ਐਤਵਾਰ ਦੇ ਐਤਵਾਰ ਹੀ ਜੋਤ ਨੂੰ ਫੋਨ ਕਰੇ।

ਠੀਕ ਆ,ਮੰਮਾ,ਜੋਤ ਨੇ ਬਿੰਦਰ ਨੂੰ ਨੀਵੀਂ ਪਾ ਕੇ ਜਵਾਬ ਦਿੱਤਾ ।

ਨਾਲੇ ਪੁੱਤ,ਜੋ ਵੀ ਗੱਲ ਕਰੀ ਸੋਚ ਸਮਝ ਕੇ ਕਰੀ,ਅਜੇ ਵਿਆਹ ਨੂੰ ਸਮਾਂ ਹੈ। ਮੈਂ ਨਹੀਂ ਚਾਹੁੰਦੀ ਕਿ ਤੇਰੀ ਮਜਾਕ ਚ ਕਹੀ ਗੱਲ ਕਰਕੇ ਵੀ ਉਹ ਤੈਨੂੰ ਵਿਆਹ ਤੋਂ ਬਾਅਦ ਕੋਈ ਗੱਲ ਸੁਣਾਉਣ। ਨਾਲੇ ਆਪਣੀ ਪੜ੍ਹਾਈ ਤੇ ਅਸਰ ਨਹੀਂ ਹੋਣ ਦੇਣਾ,ਫੋਨ ਦਾ।

ਜੀ ਮੰਮਾ,ਮੈਂ ਪੂਰਾ ਧਿਆਨ ਰੱਖਾਂਗੀ,ਜੋਤ ਨੇ ਬਿੰਦਰ ਦੀਆਂ ਗੱਲਾਂ ਨੂੰ ਧਿਆਨ ਨਾਲ. ਸਮਝਦੇ ਹੋਏ ਬੋਲੀ ।

ਚੱਲ ਪੁੱਤ! ਹੁਣ ਫਿਰ ਸੋਂ ਜਾ ,ਸਵੇਰੇ ਕਾਲਜ ਵੀ ਜਾਣਾ ਹੈ,ਬਿੰਦਰ ਇਨ੍ਹਾਂ ਕਹਿ ਉੱਠ ਕੇ ਕਮਰੇ ਤੋਂ ਬਾਹਰ ਚਲੇਗੀ ਅਤੇ ਜੋਤ ਆਪਣਾ ਫੋਨ ਦੇਖਣ ਲੱਗ ਗਈ ।...... ਉਸੇ ਸਮੇ ਬਿੰਦਰ ਨੂੰ ਗੱਲ ਯਾਦ ਆਈ ਅਤੇ ਦਰਵਾਜੇ ਤੋਂ ਮੁੜ ਫਿਰ ਵਾਪਸ ਆ ਕੇ ਜੋਤ ਨੂੰ ਕਹਿਣ ਲੱਗੀ," ਸੱਚ ਜੋਤ,ਤੈਨੂੰ ਮੈਂ ਦੱਸਣਾ ਭੁੱਲ ਗਈ ਸੀ,ਤੇਰੇ ਤਾਇਆ ਤਾਈਂ ਦਾ ਵੀ ਕੈਨੇਡਾ ਤੋਂ ਫੋਨ ਆਇਆ ਸੀ,ਤੈਨੂੰ ਜਨਮ ਦਿਨ ਦੀ ਵਧਾਈ ਦੇਣ ਲਈ।" ਓਕ ਮੰਮਾ,ਸੰਡੇ ਫੋਨ

ਕਰਾਂਗੀ ਤਾਇਆ ਤਾਈਂ ਜੀ ਨੂੰ। ਹੁਣ ਤਾਂ ਉਹ ਸੁੱਤੇ ਹੋਣੇ ਨੇ, ਜੋਤ ਨੇ ਚਿਹਰੇ ਤੇ ਛੋਟੀ ਜਹੀ ਮੁਸਕਾਨ ਲਿਆਉਂਦੇ ਹੋਏ ਜਵਾਬ ਦਿੱਤਾ।ਠੀਕ ਆ,ਚਲ ਸੌਂ ਜਾ ਹੁਣ,ਕਹਿ ਕੇ ਬਿੰਦਰ ਚਲੇ ਗਈ।

ਰੋਜਾਂਨਾ ਦੀ ਤਰ੍ਹਾਂ ਜੋਤ ਤਿਆਰ ਹੋ ਕੇ ਐਕਟਿਵਾ ਤੇ ਕਾਲਜ ਲਈ ਚਲੇ ਗਈ। ਕਲਾਸ ਵਿੱਚ ਪੁਹੰਚ ਕੇ ਜੋਤ ਨੇ ਕਲਾਸ ਵਿਚ ਬੈਠੇ ਬਾਕੀ ਸਟੂਡੈਂਟਸ ਨੂੰ ਹੈਲੋ ਬੁਲਾਈ ਅਤੇ ਫਿਰ ਜਾ ਕੇ ਆਪਣੇ ਬੈਂਚ ਤੇ ਬੈਠ ਗਈ। ਥੋੜ੍ਹੇ ਸਮੇ ਤੱਕ ਅੰਮ੍ਰਿਤ ਵੀ ਕਲਾਸ ਵਿਚ ਆ ਗਈ ਅਤੇ ਆਪਣਾ ਸੱਜਾ ਹੱਥ ਜੋਤ ਦੇ ਅੱਗੇ ਕਰਦੀ ਬੋਲੀ ,"ਹੈਲੋ ਮੈਡਮ,ਕੀ ਗੱਲ ਹੋਈ?"

ਅੱਜ ਚਿਹਰੇ ਤੇ ਬੜੀ ਰੌਣਕ ਆ ।

ਹੈਲੋ ਜੀ,ਹੈ ਹੀ ਖੁਸ਼ੀ ਦੀ ਗੱਲ। ਤੂੰ ਬੈਠ ਤਾਂ ਸਹੀ ਫਿਰ ਦਿਖਾਉਂਦੀ ਹਾਂ ,ਮੇਰੀ ਖੁਸ਼ੀ ਪਿੱਛੇ ਦਾ ਰਾਜ।ਕੱਲ ਮੈਨੂੰ ਮੰਮਾ ਪਾਪਾ ਨੇ ਬਰ੍ਥਡੇ ਤੇ ਮੋਬਾਈਲ ਫੋਨ ਗਿਫ਼੍ਰ ਕੀਤਾ। ਆਹ ਦੇਖ! ਮੇਰਾ ਫੋਨ",ਜੋਤ ਖੁਸ਼ੀ ਚ  ਫੋਨ ਅੰਮ੍ਰਿਤ ਦੇ ਹੱਥ ਚ ਫੜਾਉਂਦਿਆਂ ਬੋਲੀ ।

ਅੰਮ੍ਰਿਤ ਖੁਸ਼ ਹੁੰਦੇ ਹੋਏ,"ਓਏ ਬੱਲੇ! ਕੋਂਗਰੇਚੂਲੇਸ਼ਨ ਫਿਰ ਤਾਂ। ਹੁਣ ਇਹ ਦੱਸ ਪਾਰਟੀ ਕਦੋਂ ਦੇਣੀ ਆ।

ਜਦੋ ਤੂੰ ਕਹੇ ਓਦੋ ਹੀ। ਚੱਲ, ਅੱਜ ਰਿਸੈਸ ਸਮੇ ਕਰਾਂਗੇ ਪਾਰਟੀ,ਜੋਤ ਖੁਸ਼ ਹੋ ਕੇ  ਬੋਲੀ । ਵੈਸੇ ਵੀ ਮੈਂ ਤੈਨੂੰ ਇੱਕ ਹੋਰ ਗੱਲ ਵੀ ਦੱਸਣੀ ਆ,ਜੋ ਮੈਂ ਤੈਨੂੰ ਨਹੀਂ ਦੱਸੀ ।

ਕਿਹੜੀ ਗੱਲ? ਅੰਮ੍ਰਿਤ ਹੈਰਾਨ ਹੁੰਦੀ ਬੋਲੀ । ਹੋਂਸਲਾ ਰੱਖੋ ਮਾਲਕੋ।ਰਿਸੈਸ ਸਮੇ ਦੱਸੂ। ਪਹਿਲਾ ਲੈਕਚਰ ਲਗਾ ਲਈਏ,ਜੋਤ ਨੇ ਅੰਮ੍ਰਿਤ ਨੂੰ ਸਰ ਵੱਲ ਇਸ਼ਾਰਾ ਕਰਦੇ ਚੁੱਪ ਹੋਣ ਨੂੰ ਕਿਹਾ ।

ਰਿਸੈਸ ਸਮੇ ਜੋਤ ਅਤੇ ਅੰਮ੍ਰਿਤ ਕੰਟੀਨ ਜਾਂਦੀਆਂ ਹਨ ਪਰ ਕੰਟੀਨ ਬੰਦ ਹੁੰਦੀ ਹੈ ਅਤੇ ਦੋਨੋ ਜਾਣੀਆਂ ਪਾਰਕ ਚ ਜਾ ਕੇ ਬੈਠ ਜਾਂਦੀਆਂ ਹਨ। ਦੋਨੋ ਆਪਸ ਵਿਚ ਗੱਲਾਂ ਕਰ ਹੀ ਰਹੀਆਂ ਹੁੰਦੀਆਂ ਨੇ ਕਿ ਜੋਤ ਆਪਣੇ ਫੋਨ ਦਾ ਨੈੱਟ ਓਂਨ ਕਰਦੀ ਹੈ ਅਤੇ ਵਟਸਅੱਪ ਮੈਸਜ ਦੇਖ ਕੇ ਹੈਰਾਨ ਹੋ ਜਾਂਦੀ ਹੈ।

ਹੈਲੋ ਜੋਤ ! ਆਈ ਐਮ ਹਰਮਨ

gud morning and have a great day

ਕੀ ਹੋਇਆ ਜੋਤ ? ਕਿਸ ਦਾ ਮੈਸਜ ਆਇਆ? ਅੰਮ੍ਰਿਤ ਜੋਤ ਦਾ ਹੱਥ ਨਾਲ ਮੋਢਾ ਹਲਾਉਂਦੇ ਪੁੱਛਦੀ ਹੈ।

ਜੋਤ :--ਮੇਰੇ fiance ਦਾ

ਅੰਮ੍ਰਿਤ (ਹੈਰਾਨ ਹੁੰਦੇ ਹੋਏ) fiance ਦਾ ਮਤਲਬ ? ਤੂੰ ਏਂਗੇਜਡ ਆ ?

ਜੋਤ :-ਹਾਂ , ਸੀਕਸ ਮੰਥ ਹੋ ਗਏ ।

ਅੰਮ੍ਰਿਤ(ਖੁਸ਼ ਹੋ ਕੇ) ਬੱਲੇ ਛਿੱਕੇ ਤੇ ਛਿੱਕੇ ਮਾਰੀ ਜਾਣੀ ਆ,ਤੂੰ ਤਾਂ

ਚੱਲ ਦੱਸ, ਕੀ ਨਾਮ ਹੈ ਜੀਜਾ ਜੀ ਦਾ?

ਜੋਤ(ਸੰਗਦੇ ਹੋਏ) ਹਰਮਨ । ਉਹ ਕੈਨੇਡਾ ਰਹਿੰਦੇ ਆ।

ਅੰਮ੍ਰਿਤ(ਖੁਸ਼ ਹੁੰਦੇ ਹੋਏ) ਬਹੁਤ ਵਧੀਆ ਗੱਲ ਹੈ,ਫਿਰ ਤਾਂ।

ਜੋਤ :--ਉਹ ਤਾਂ ਹੈ ।

ਅੰਮ੍ਰਿਤ(ਖੁਸ਼ ਹੁੰਦੇ ਹੋਏ) ਫਿਰ ਵਿਆਹ ਕਦੋ ਕਰਾ ਰਹੀ ਆ?

ਜੋਤ :- ਅਜੇ ਨਹੀਂ,,,,ਪੂਰੀ ਸਟੱਡੀ ਪੂਰੀ ਕਰਕੇ।

ਮੰਮਾ,ਨੇ ਹਰਮਨ ਦੇ ਪੇਰੇਂਟਸ ਨੂੰ ਬੋਲਿਆ ਹੋਇਆ ਹੈ ਕਿ ਅਸੀਂ ਜੋਤ ਦੀ ਸਟੱਡੀ ਪੂਰੀ ਹੋਣ ਤੋਂ ਬਾਅਦ ਹੀ ਵਿਆਹ ਕਰਨਾ।

ਅੰਮ੍ਰਿਤ:- ਚੱਲ ਵਧੀਆ ਫਿਰ। ਹੁਣ ਮੈਸਜ ਦਾ ਰਿਪਲਾਈ ਤਾਂ ਕਰਦੇ।

ਜੋਤ :- ਕਰਦੀ ਹਾਂ ਅਤੇ ਮੈਸਜ ਟਾਈਪ ਕਰਨ ਲੱਗ ਜਾਂਦੀ ਹੈ।

Gud morning and hve a great day ji

ਸੈਂਡ ਕਰਕੇ ਕੈਮਰਾ ਓਂਨ ਕਰਕੇ,ਜੋਤ ਅਤੇ ਅੰਮ੍ਰਿਤ ਇੱਕ ਦੂਜੇ ਦੀਆਂ ਕੁੱਝ ਸੋਲੋ ਫੋਟੋ ਅਤੇ ਕੁੱਝ ਆਪਣੇ ਦੋਵਾਂ ਦੀਆਂ ਇਕੱਠਿਆਂ ਦੀਆਂ ਸੇਲਫ਼ੀ ਲੈਂਦੀਆਂ ਹਨ। ਰਿਸੈਸ ਖਤਮ ਹੋਣ ਤੋਂ ਬਾਅਦ ਦੋਨੋ ਬਾਕੀ ਦੇ ਰਹਿੰਦੇ ਲੈਕਚਰ ਲਗਾ ਕੇ ਘਰ ਨੂੰ ਤੁਰ ਪੈਂਦੀਆਂ ਹਨ।

ਜੋਤ ਆਪਣੇ ਘਰ ਦੇ ਬਾਹਰ ਗੇਟ ਦੇ ਅੱਗੇ ਐਕਟਿਵਾ ਰੋਕ,ਐਕਟਿਵਾ ਤੋਂ ਉਤਾਰ ਕੇ ਐਕਟਿਵਾ ਰੇੜ ਕੇ ਚੜ੍ਹਾਈ ਤੋਂ ਘਰ ਦੇ ਅੰਦਰ ਕਰਨ ਲੱਗਦੀ ਹੈ ਤਾਂ ਉਸਦਾ ਪੈਰ ਸਲਿੱਪ ਹੋ ਜਾਂਦਾ ਹੈ। ਐਕਟਿਵਾ ਰਿੜ ਕੇ ਪਿੱਛੇ ਡਿੱਗ ਜਾਂਦੀ ਹੈ ਅਤੇ ਜੋਤ ਆਪਣੇ ਭਾਰ ਘਰ ਅੱਗੇ ਬਣੀ ਥੜੀ ਤੇ ਡਿੱਗਦੀ,ਉੱਚੀ ਉੱਚੀ ਚੀਕਾਂ ਮਰਦੀ ਬਿੰਦਰ ਨੂੰ ਬੁਲਾਉਂਦੀ ਹੈ," ਮੰਮਾ,ਮੰਮਾ।"

ਜੋਤ ਦੀ ਦਾਦੀ ਬਰਾਂਡੇ ਚ ਬੈਠੀ ਨੂੰ ਜਦੋ ਜੋਤ ਦੀ ਆਵਾਜ਼ ਸੁਣਦੀ ਹੈ ਤਾਂ ਉਹ ਕਾਹਲੀ ਚ ਉੱਠਦੀ ਹੋਈ ਬਿੰਦਰ ਨੂੰ ਕਹਿੰਦੀ ਹੈ," ਨੀ ਬਿੰਦਰ! ਭੱਜ ਕੇ ਜਲਦੀ ਬਾਹਰ ਆ,ਜੋਤ ਗੇਟ ਦੇ ਬਾਹਰ ਅਵਾਜਾਂ ਮਾਰ ਰਹੀ ਆ।" ਪਤਾ ਨਹੀਂ ਕੀ ਹੋ ਗਿਆ ਕੁੜੀ ਨੂੰ।

ਕਿਸ਼ਨ ਕੋਰ ਅਤੇ ਬਿੰਦਰ,ਜਦੋ ਬਾਹਰ ਜਾ ਕੇ ਦੇਖਦੀਆਂ ਹਨ ਤਾਂ ਜੋਤ ਨੂੰ ਥੜੀ ਤੇ ਡਿੱਗੀ ਦੇਖ ,ਉਨ੍ਹਾਂ ਦੇ ਹੋਸ਼ ਉੱਡ ਜਾਂਦੇ ਹਨ। ਇਨ੍ਹੇ ਨੂੰ ਕਾਲੋਨੀ ਦੇ ਹੋਰ ਵੀ ਲੋਕ ਇਕੱਠੇ ਹੋ ਜਾਂਦੇ ਹਨ ਅਤੇ ਉਹ ਐਕਟਿਵਾ ਚੁੱਕ ਕੇ,ਉਸਨੂੰ ਘਰ ਦੇ ਅੰਦਰ ਖੜ੍ਹੀ ਕਰ ਦਿੰਦੇ ਹਨ।

ਬਿੰਦਰ ਜੋਤ ਨੂੰ ਉਠਾਉਂਣ ਦੀ ਕੋਸ਼ਿਸ਼ ਕਰਦੀ ਹੈ ਪਰ ਪੈਰ ਚ ਬਹੁਤ ਜਿਆਦਾ ਦਰਦ ਹੋਣ ਕਰਕੇ ਜੋਤ ਬਹੁਤ ਮੁਸ਼ਕਿਲ ਨਾਲ ਉੱਠਦੀ ਹੈ ਅਤੇ ਉਸਦੀਆਂ ਅੱਖਾਂ ਚੋ ਹੰਝੂ ਗੱਲ੍ਹਾਂ

ਰਹੀ ਵੱਗਦੇ ਹੇਠਾਂ ਡਿੱਗ ਰਹੇ ਸੀ । ਬਿੰਦਰ ਨੇ ਹੋਲੀ ਹੋਲੀ ਜੋਤ ਨੂੰ ਇੱਕ ਲੱਤ ਤੇ ਤੁਰਾਂ ਕੇ ਘਰ ਚ ਲਿਆ ਬਰਾਂਡੇ ਚ ਡੱਠੇ ਮੰਜੇ ਤੇ ਬਿਠਾ ਦਿੱਤਾ ਅਤੇ ਮਨਪ੍ਰੀਤ ਨੂੰ ਫੋਨ ਕਰਕੇ ਘਬਰਾਉਂਦੀ ਬੋਲੀ ," ਜੀ ਜਲਦੀ ਘਰ ਆ ਜਾਊ।"

ਮਨਪ੍ਰੀਤ (ਚਿੰਤਾ ਜਤਾਉਂਦੇ ਹੋਏ) ਕੀ ਹੋਇਆ?

ਬਿੰਦਰ( ਦਰਦ ਭਰੀ ਆਵਾਜ਼ ਚ) ਜੋਤ ਆਪਣੇ ਘਰ ਅੱਗੇ ਡਿੱਗ ਗਈ। ਘਰ ਆ ਕੇ,ਉਸਨੂੰ ਹੱਡੀਆਂ ਦੇ ਡਾਕਟਰ ਨੂੰ ਦਿਖਾ ਲਿਆਓ।

ਮਨਪ੍ਰੀਤ( ਚਿੰਤਾ ਨਾਲ) ਬਸ ਆ ਗਿਆ,ਹੁਣੇ ਮੈਂ।

ਮਨਪ੍ਰੀਤ ਦੇ ਆਉਣ ਤੋਂ ਬਾਅਦ ਬਿੰਦਰ ਅਤੇ ਮਨਪ੍ਰੀਤ ਜੋਤ ਨੂੰ ਹੌਸਪੀਟਲ ਹੱਡੀਆਂ ਦੇ ਡਾਕਟਰ ਕੋਲ ਲੈ ਕੇ ਜਾਂਦੇ ਹਨ। ਡਾਕਟਰ ਜੋਤ ਦੇ ਪੈਰ ਨੂੰ ਚੈੱਕ ਕਰਕੇ ਕਹਿੰਦਾ ਹੈ ਕਿ,"ਕੁਝ ਨਹੀਂ ਹੋਇਆ,ਆਪਣਾ ਭਾਰ ਪੈਣ ਕਰਕੇ ਮੋਚ ਆ ਗਈ ਪੈਰ ਨੂੰ ਅਤੇ ਉਸੇ ਵਜ੍ਹਾ ਨਾਲ ਪੈਰ ਸੁੱਜ ਗਿਆ। ਤੁਸੀਂ Physiotherapist ਨੂੰ ਦਿਖਾਓ। ਪੈਰ ਜਲਦੀ ਠੀਕ ਹੋ ਜਾਵੇਗਾ। ਕੋਈ ਘਬਰਾਉਣ ਦੀ ਲੋੜ ਨਹੀਂ।

ਮਨਪ੍ਰੀਤ ਅਤੇ ਬਿੰਦਰ ਉਸੇ ਹੌਸਪੀਟਲ ਵਿਚ ਜੋਤ ਨੂੰ Physiotherapist ਕੋਲ ਲੈ ਜਾਂਦੇ ਹਨ। Physiotherapist ਜੋਤ ਦੇ ਪੈਰ ਚੋ ਮੋਚ ਕੱਢ ਕੇ ਤੇਲ ਲਗਾ ਗਰਮ ਪੱਟੀ ਬੰਨ ਦਿੰਦਾ ਹੈ ਅਤੇ ਕੁੱਝ ਮੈਡੀਸਿਨ ਲਿਖ ਦਿੰਦਾ ਹੈ ਖਾਣ ਨੂੰ ਅਤੇ ਚਾਰ ਦਿਨ ਬਾਅਦ ,ਇੱਕ ਵਾਰ ਫਿਰ ਦਿਖਾਉਣ ਲਈ ਕਹਿੰਦਾ ਹੈ ।ਬਿੰਦਰ ਹੋਣੀ ਮੈਡੀਕਲ ਸਟੋਰ ਤੋਂ ਮੈਡੀਸਿਨ ਲੈ ਕਾਰ ਤੇ ਘਰ ਵਾਪਸ ਆ  ਜਾਂਦੇ ਹਨ।ਕਿਸ਼ਨ ਕੌਰ ਪ੍ਰੇਸ਼ਾਨ ਹੁੰਦੀ ਹੋਈ ਬਿੰਦਰ ਨੂੰ ਪੁੱਛਦੀ ਹੈ ਕਿ ,"ਕੀ ਦੱਸਿਆ ਡਾਕਟਰ ਨੇ,ਕੁੜੀ ਦੇ ਸੱਟ ਜਿਆਦਾ ਤਾਂ ਨਹੀਂ ਲੱਗੀ।"......

ਨਹੀਂ ਮੰਮੀ ਜੀ,ਬਸ,ਮੋਚ ਹੈ ਪੈਰ ਨੂੰ। ਇੱਕ ਦੋ ਦਿਨ ਤੱਕ ਹੋ ਜਾਣਾ ਠੀਕ,ਜੋਤ ਨੂੰ ਆਪਣਾ ਸਹਾਰਾ ਲੈ ਕੇ ਅੰਦਰ ਲੋਬੀ ਚ ਬੈਡ ਤੇ  ਬਿਠਾਉਂਦੀ ਬਿੰਦਰ  ਕਹਿੰਦੀ ਹੈ। ਬਿੰਦਰ

ਗੁਰਨਾਜ਼ ਨੂੰ ਅਵਾਜ ਮਾਰ ਕੇ ਅੰਦਰੋਂ ਕਮਰੇ ਚੋ  ਬੈਡ ਤੋਂ ਇੱਕ ਸਿਰਹ੍ਹਾਨਾ ਚੱਕ ਕੇ  ਲੈ ਕੇ ਆਉਣ ਲਈ ਕਹਿੰਦੀ ਹੈ ।

ਗੁਰਨਾਜ਼ ਸਿਰਹ੍ਹਾਨਾ ਬਿੰਦਰ ਨੂੰ ਫੜਾਉਂਦੀ ਹੋਈ," ਆ ਲੋ ਮੰਮਾ।"

ਬਿੰਦਰ ਜੋਤ ਦਾ ਪੈਰ ਚੁੱਕ ਕੇ ਸਿਰਹ੍ਹਾਨਾ ਲੱਤ ਦੇ ਥੱਲੇ ਰੱਖ ਦਿੰਦੀ ਹੈ ਕਿ ਪੈਰ ਚ ਜਿਆਦਾ ਦਰਦ ਨਾ ਹੋਵੇ।ਜੋਤ,ਮੈਂ ਕੱਪੜੇ ਬਦਲ ਕੇ ਰੋਟੀ ਪਕਾ ਕੇ ਦਿੰਦੀ ਹਾਂ,ਫਿਰ ਦਵਾਈ ਖਾ ਲਵੀ,ਆਪਣੇ ਕਮਰੇ ਵੱਲ ਨੂੰ ਜਾਂਦੀ ਹੋਈ  ਬਿੰਦਰ ਜੋਤ ਨੂੰ ਕਹਿੰਦੀ ਹੈ।
ਬਿੰਦਰ ਕੱਪੜੇ ਬਦਲ ਰਸੋਈ ਚ ਜਾ ਕੇ ਰੋਟੀ ਪਕਾਉਣ ਲੱਗਦੀ ਹੈ ਅਤੇ ਨਾਲ ਹੀ ਗੁਰਨਾਜ਼ ਨੂੰ ਆਵਾਜ਼ ਮਾਰਦੀ ਕਹਿੰਦੀ ਹੈ,"ਗੁਰਨਾਜ਼,ਪੁੱਤ ਉਰੇ ਆ।"ਗੁਰਨਾਜ਼ ਰਸੋਈ ਚ ਆਉਦੇ ਹੀ,"ਹਾਂਜੀ ਮੰਮਾ,ਦੱਸੋ ਕੀ ਕਹਿਣਾ ਹੈ?"
"ਪੁੱਤ,ਮੈਂ ਰੋਟੀ ਥਾਲੀ ਚ ਪਾਉਂਦੀ ਹਾਂ,ਦੀਦੀ ਆਪਣੀ ਨੂੰ ਫੜਾ ਦੇ",ਤਵੇ ਤੇ ਰੋਟੀ ਪਾਉਂਦੀ ਬਿੰਦਰ ਗੁਰਨਾਜ਼ ਨੂੰ ਕਹਿੰਦੀ ਹੈ।
ਬਿੰਦਰ ਦੋ ਫੁਲਕੇ ਲਾਹ ਕੇ ਕੋਲੀ ਚ ਛੋਲਿਆਂ ਦੀ ਸਬਜ਼ੀ ਪਾ ਅਤੇ ਨਾਲ ਦੋ ਰੋਟੀਆਂ ਰੱਖ,ਗੁਰਨਾਜ਼ ਦੇ ਹੱਥੀ ਫੜਾਉਂਦੀ ਕਹਿੰਦੀ ਹੈ ਕਿ ," ਆਹ ਲੈ ਪੁੱਤ,ਦੀਦੀ ਆਪਣੀ ਨੂੰ ਫੜਾ ਆ।" ਫਿਰ ਆਪਣੀ ਬੀਜੀ ਅਤੇ ਪਾਪਾ ਨੂੰ ਫੜਾ ਦੇਵੀ। ਗੁਰਨਾਜ਼ ਪਹਿਲਾ ਜੋਤ ਅਤੇ ਫਿਰ ਆਪਣੀ ਬੀਜੀ ਅਤੇ ਪਾਪਾ ਨੂੰ ਫੜਾ ਕੇ ਆਪ ਰੋਟੀ ਖਾ ਲੈਂਦੀ ਹੈ । ਸਭ ਤੋਂ ਮਗਰੋਂ ਬਿੰਦਰ ਅਤੇ ਗੁਰਬਾਜ਼ ਵੀ ਇਕੱਠੇ ਰੋਟੀ ਖਾ ਲੈਂਦੇ ਹਨ।

ਦਵਾਈ ਖਾ ਕੇ ਜੋਤ ਆਪਣੇ ਫੋਨ ਤੋਂ ਅੰਮ੍ਰਿਤ ਦੇ ਪਾਪਾ ਦੇ ਫੋਨ ਤੇ ਕਾਲ ਕਰਕੇ,ਉਨ੍ਹਾਂ ਨੂੰ ਅੰਮ੍ਰਿਤ ਨਾਲ ਗੱਲ ਕਰਾਉਣ ਲਈ ਕਹਿੰਦੀ ਹੈ।
ਅੰਮ੍ਰਿਤ(ਹੈਰਾਨ ਹੁੰਦੇ ਹੋਏ):- ਹੈਲੋ ਜੋਤ। ਸਭ ਠੀਕ ਤਾਂ ਹੈ ਫੋਨ ਕੀਤਾ।(ਕਿਉਂਕਿ ਜੋਤ ਅਤੇ ਅੰਮ੍ਰਿਤ ਜਿਆਦਾ ਐਮਰਜੰਸੀ ਤੇ ਹੀ ਇੱਕ ਦੂਜੇ ਨੂੰ ਕਾਲ ਕਰਦੀਆਂ ਸਨ)

ਜੋਤ(ਉਦਾਸ ਹੋ ਕੇ):- ਠੀਕ ਹੈ ਵੀ ਅਤੇ ਨਹੀਂ ਵੀ

ਅੰਮ੍ਰਿਤ(ਹੈਰਾਨ ਹੁੰਦੇ ਹੋਏ):-ਮਤਲਬ ?

ਜੋਤ(ਉਦਾਸ ਹੋ ਕੇ):-ਯਾਰ ਅੱਜ ਜਦੋ ਕਾਲਜ ਤੋਂ ਮੈਂ ਘਰ ਆਈ ਘਰ ਦੇ ਬਾਹਰ ਬੈਲੰਸ ਵਿਗੜਨ ਕਰਕੇ ਮੈਂ ਡਿਗ ਗਈ ਅਤੇ ਪੈਰ ਤੇ ਮੋਚ ਆ ਗਈ ਆ। ਤੁਰ ਨਹੀਂ ਹੁੰਦਾ,ਸ਼ਾਇਦ 2-3 ਕਾਲਜ ਨਾ ਆਵਾਂ। ਤੂੰ ਟੀਚਰਸ ਨੂੰ ਦੱਸ ਦਵੀ।

ਅੰਮ੍ਰਿਤ(ਪ੍ਰੇਸ਼ਾਨ ਹੁੰਦੇ ਹੋਏ):-ਪਾਗਲ,ਧਿਆਨ ਨਾਲ ਨਹੀਂ ਚੱਲ ਹੁੰਦਾ।ਹੁਣ ਧਿਆਨ ਰੱਖੀ ਆਪਣਾ ਅਤੇ ਜਲਦੀ ਠੀਕ ਹੋ । ਤੈਨੂੰ ਪਤਾ ਨਾ,ਮੇਰਾ ਤੇਰੇ ਤੋਂ ਬਿਨਾਂ ਦਿਲ ਨਹੀਂ ਲੱਗਣਾ ਕਾਲਜ ਚ ਇਕੱਲੀ ਦਾ ।

ਜੋਤ:-ਪਤਾ ਆ ,ਕੋਈ ਨਾ ਮੈਂ ਹੋ ਜਾਣਾ ਠੀਕ। ਚੱਲ ਬਾਏ।

ਅੰਮ੍ਰਿਤ:- ਬਾਏ,ਆਪਣਾ ਧਿਆਨ ਰੱਖ।ਇਨ੍ਹਾਂ ਕਹਿ ਕੇ ਅੰਮ੍ਰਿਤ ਫੋਨ ਕੱਟ ਦਿੰਦੀ ਹੈ।

ਅਗਲੇ ਦਿਨ ਸਵੇਰੇ ਗੁਰਨਾਜ਼,ਗੁਰਬਾਜ਼ ਨੂੰ ਸਕੂਲ ਭੇਜ ਕੇ ਬਿੰਦਰ ਘਰ ਦੇ ਕੰਮ ਕਰਨ ਲੱਗ ਜਾਂਦੀ ਹੈ ਅਤੇ ਜੋਤ ਅਤੇ ਕਿਸ਼ਨ ਕੋਰ ਬੈਡ ਤੇ ਬੈਠੇ ਬੈਠੇ ਗੱਲਾਂ ਕਰ ਰਹੇ ਹੁੰਦੇ ਹਨ।ਗੱਲਾਂ ਕਰਦੇ ਕਰਦੇ ਜੋਤ ਕਿਸ਼ਨ ਕੋਰ ਨੂੰ ਕਹਿੰਦੀ ਹੈ ਕਿ,"ਬੀਜੀ ਇੱਕ ਗੱਲ ਪੁੱਛਾਂ ਤੁਹਾਡੇ ਕੋਲੋਂ।" ਗੁੱਸਾ ਤਾਂ ਨਹੀਂ ਕਰੋਗੇ।

ਕਿਸ਼ਨ ਕੋਰ ਪਿਆਰ ਨਾਲ,"ਨਹੀਂ ਪੁੱਤ,ਪੁੱਛ ਕੀ ਪੁੱਛਣਾ ਮੇਰੀ ਧੀ ਨੇ?"ਬੀਜੀ ਤੁਸੀਂ ਉਸ ਦਿਨ ਦੱਸ ਰਹੇ ਸੀ ਨਾ ਕਿ ਮੰਮਾ,ਮੇਰਾ ਰਿਸ਼ਤਾ ਵੀ ਨਹੀਂ ਸੀ ਕਰਨਾ ਚਾਹੁੰਦੇ ਪਰ ਉਨ੍ਹਾਂ ਨੂੰ ਮਜਬੂਰੀ ਚ ਕਰਨਾ ਪਿਆ।

ਦਰਅਸਲ,ਧੀਏ,ਤੈਨੂੰ ਜਿਵੇ ਪਹਿਲਾ ਵੀ ਦੱਸਿਆ ਸੀ ਕਿ ਬਿੰਦਰ ਦਾ ਸੁਪਨਾ ਸੀ ਤੈਨੂੰ ਪੜ੍ਹਾ ਕੇ ਤੇਰੇ ਪੈਰਾਂ ਤੇ ਖੜ੍ਹੇ ਕਰਨਾ। ਪਰ,ਜਦੋ ਤੇਰੇ ਪਹਿਲੇ ਨਾਨਕੇ ਵੀ ਤੇਰਾ ਰਿਸ਼ਤਾ ਕਰਵਾਉਣ ਦੇ ਮਗਰ ਪੈ ਗਏ ਅਤੇ ਬਿੰਦਰ ਦੇ ਕਹਿਣ ਤੇ ਵੀ ਰੁੱਕ ਨਹੀਂ ਸੀ ਰਹੇ ਸਨ।

ਉਸੇ ਸਮੇ ਹੀ  ਪਰਮਜੀਤ ਨੇ ਵੀ ਆਪਣੇ ਮੁੰਡੇ ਲਈ ਤੇਰੇ ਨਾਲ ਰਿਸ਼ਤੇ ਦੀ ਗੱਲ ਕਹੀ। ਪਹਿਲਾ ਤਾਂ ਬਿੰਦਰ ਨੇ ਉਨ੍ਹਾਂ ਨੂੰ ਵੀ ਮਨ੍ਹਾਂ ਕਰ ਦਿੱਤਾ ਕਿ ਇਨ੍ਹੀ ਨਿੱਕੀ ਉਮਰੇ ਮੈਂ ਜੋਤ ਦਾ ਵਿਆਹ ਕਰਕੇ ਉਸਦੇ ਸੁਪਨੇ ਨਹੀਂ ਮਾਰਨੇ। ਮੈਂ ਨਹੀਂ ਚਾਹੁੰਦੀ ਕਿ ਕੱਲ ਨੂੰ ਕੋਈ ਕਹੇ ਕੇ ਮਤਰੇਈ ਮਾਂ ਸੀ ਤਾਂ ਗਲੋਂ ਲਾਉਣ ਲਈ ਕੁੜੀ ਦਾ ਛੋਟੀ ਉਮਰੇ ਵਿਆਹ ਕਰ ਦਿੱਤਾ। ਪਰ,ਫਿਰ ਮਨਪ੍ਰੀਤ ਦੇ ਸਮਝਾਉਣ ਤੇ ਕਿ ਪਰਿਵਾਰ ਵਧੀਆ ਹੈ ਅਤੇ ਵੈਸ਼ਨੋ ਹੈ। ਇਹੋ ਜਹੇ ਰਿਸ਼ਤੇ ਵਾਰ ਵਾਰ ਨਹੀਂ ਮਿਲਦੇ। ਇੱਕ ਵਾਰ ਗੱਲ ਕਰਨ ਚ ਕੀ ਹਰਜ਼ ਆ। ਮਨਪ੍ਰੀਤ ਦੀ ਗੱਲ ਮੰਨ ਕੇ ਬਿੰਦਰ ਨੇ ਉਨ੍ਹਾਂ ਨੂੰ ਘਰ ਬੁਲਾ ਕੇ ਸਾਰੀਆਂ ਗੱਲਾਂ ਉਨ੍ਹਾਂ ਅੱਗੇ ਖੋਲ ਕੇ ਰੱਖ ਦਿੱਤੀਆਂ ਅਤੇ ਜਦੋ ਉਨ੍ਹਾਂ ਨੂੰ ਸਭ ਗੱਲਾਂ ਮੰਨਜੂਰ ਸੀ ਤਾਂ ਬਿੰਦਰ  ਰਿਸ਼ਤਾ ਕਰਨ ਦੀ ਗੱਲ ਮੰਨ ਗਈ ,ਕਿਸ਼ਨ ਕੌਰ ਪਿਆਰ ਨਾਲ ਗੱਲ ਪੂਰੀ ਕਰਦਿਆਂ ਬੋਲੀ I

ਬੀਜੀ ਮੰਮਾ,ਮੇਰੇ ਬਾਰੇ ਕਿੰਨਾ ਸੋਚਦੇ ਹਾਂ। ਮੈਂ ਤਾਂ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਮੰਨਦੀ ਹਾਂ ਕਿ ਬਿੰਦਰ ਮੰਮਾ ਮੇਰੇ ਮੰਮਾ ਨੇ,ਜੋਤ ਖੁਸ਼ ਹੁੰਦੀ ਬੋਲੀ I ਸਹੀ ਕਿਹਾ ਧੀਏ!ਉਹ ਤਾਂ ਤੈਨੂੰ ਹਰ ਕੰਮ ਚ ਨਿਪੁੰਨ ਕਰਨਾ ਚਾਹੁੰਦੀ ਹੈ। ਉਸਨੂੰ ਬਸ ਇਹ ਹੈ ਕੇ ਕੱਲ ਨੂੰ ਕੋਈ ਇਹ ਨਾ ਕਹੇ ਕਿ ਜੋਤ ਆਹ ਕੰਮ ਕਰਨ ਦਾ ਚੱਜ ਨਹੀਂ Iਇਸ ਲਈ ਤਾਂ ਬਾਹਰਵੀਂ ਦੇ ਪੇਪਰਾਂ ਤੋਂ ਬਾਅਦ ਤੈਨੂੰ ਸਲਾਈ ਸਿੱਖਣ ਲਈ ਸੈਂਟਰ ਲਗਾ ਦਿੱਤਾ। ਅਸੀਂ ਬਹੁਤ ਚੰਗੇ ਕਰਮ ਕੀਤੇ ਆ ਜੋ ਬਿੰਦਰ ਸਾਡੇ ਘਰ ਦੀ ਨੂੰਹ ਬਣੀ। ਅਸੀਂ ਵਾਹਿਗੁਰੂ ਦਾ ਬਹੁਤ ਸ਼ੁਕਰਗੁਜ਼ਾਰ ਹਾਂ,ਕਿਸ਼ਨ ਕੌਰ ਦੋਵੇਂ ਹੱਥ ਜੋੜ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਕਹਿਣ ਲੱਗੀ।

ਚਾਰ ਦਿਨਾਂ ਤੱਕ ਜੋਤ ਦਾ ਪੈਰ ਵੀ ਠੀਕ ਹੋ ਗਿਆ ਅਤੇ ਉਸਨੇ ਫਿਰ ਤੋਂ ਕਾਲਜ ਜਾਣਾ ਸ਼ੁਰੂ ਕਰ ਦਿੱਤਾ। ਕਾਲਜ ਚ ਮਸਤੀ ਦੇ ਨਾਲ ਪੜ੍ਹਾਈ ਕਰਦਿਆਂ ਜੋਤ ਦਾ B.COM ਦਾ ਪਹਿਲਾ ਸਾਲ ਪੂਰਾ ਹੋ ਗਿਆIਜੋਤ ਆਪਣੇ B.COM ਦੇ ਪੇਪਰਾਂ ਤੋਂ ਬਾਅਦ ਨਤੀਜੇ ਤੱਕ

ਵਿਹਲੀ ਹੋਣ ਕਰਕੇ ਬਿੰਦਰ ਨੇ ਜੋਤ ਦਾ ਇੰਗਲਿਸ਼ ਸਪੀਕਿੰਗ ਕਲਾਸਾਂ ਚ ਦਾਖਲਾ ਕਰਵਾ ਦਿੱਤਾ। ਹੁਣ ਜੋਤ ਸਵੇਰੇ 9:30 ਤੋਂ 11:00 ਵਜੇ ਤੱਕ ਆਪਣੀ ਕਲਾਸ ਲਾ ਕੇ ਘਰ ਆ ਜਾਂਦੀ ਅਤੇ ਬਿੰਦਰ ਨਾਲ ਘਰ ਦੇ ਕੰਮਾਂ ਚ ਹੱਥ ਵਡਾਉਂਦੀ। ਬਿੰਦਰ ਨੇ ਜੋਤ ਨੂੰ ਹੋਲੀ ਹੋਲੀ ਸਾਰੀਆਂ ਸਬਜੀਆਂ ਬਣਾਉਣੀਆਂ ਸਿੱਖਾ ਦਿੱਤੀਆਂ।

ਹੁਣ ਜੋਤ ਨੂੰ ਇੰਗਲਿਸ਼ ਸਪੀਕਿੰਗ ਕਰਦੀ ਨੂੰ ਦੋ ਮਹੀਨੇ ਪੂਰੇ ਹੋ ਗਏ। ਇੱਕ ਦਿਨ ਸ਼ਾਮ ਨੂੰ ਜੋਤ ਕਮਰੇ ਚ ਬੈਡ ਤੇ ਬੈਠੀ ਆਪਣੇ ਫੋਨ ਵਿੱਚ ਯੂ ਟਿਓਬ ਤੇ ਵੀਡੀਓ ਦੇਖ ਰਹੀ ਸੀ ਕਿ ਉਸੇ ਸਮੇ ਉਸਦੀ ਇੱਕ ਦੋਸਤ ਦਾ ਵਟਸਅੱਪ ਤੇ ਮੈਸਜ ਆਇਆ ਕਿ ਜੋਤ ਆਪਣਾ B.COM ਪਹਿਲੇ ਸਾਲ ਦਾ ਨਤੀਜਾ ਵੀ ਆ ਗਿਆ ਹੈ ।

ਜੋਤ ਨੇ ਨੋਟੀਫਿਕੇਸ਼ਨ ਦੇਖ ਕੇ ਵੱਟਸਐਪ ਓਂਨ ਕੀਤਾ ਤਾਂ ਮੈਸਜ ਦੇਖ ਕੇ ਹੈਰਾਨ ਰਹਿ ਗਈ।

jot,you know that guru nanak dev university announced our result. You got first division in our class.many many congratulation jot. You got 92% marks.

ਜੋਤ ਖੁਸ਼ੀ ਚ ਬੈਡ ਤੋਂ ਫਟਾਫਟ ਉੱਠ ਕੇ ਕਮਰੇ ਚੋ ਬਾਹਰ ਨਿੱਕਲ ਰੌਲਾ ਪਾਉਂਦੀ ਰਸੋਈ ਵੱਲ ਨੂੰ ਦੌੜਦੀ ਹੈ ਅਤੇ ਰਸੋਈ ਚ ਸਬਜ਼ੀ ਬਣਾ ਰਹੀ ਬਿੰਦਰ ਨੂੰ ਪਿੱਛੋਂ ਦੀ ਘੁੱਟ ਕੇ ਜੱਫੀ ਪਾ ਕੇ ਦੱਸਦੀ ਹੈ,"ਮੰਮਾ,ਮੇਰਾ ਰਿਜਲਟ ਆ ਗਿਆ,ਮੈਂ ਕਲਾਸ ਚੋ ਟੌਪ ਕੀਤਾ।

ਬਿੰਦਰ ਖੁਸ਼ ਹੁੰਦੇ ਹੋਏ,"ਬਹੁਤ ਵਧਾਈ ਪੁੱਤ ਤੈਨੂੰ।" ਤੇਰੀ ਮਿਹਨਤ ਦਾ ਫਲ ਤੈਨੂੰ ਮਿਲਿਆ। ਚੱਲ, ਆਪਣੇ ਪਾਪਾ ਨੂੰ ਫੋਨ ਕਰ,ਬਾਜ਼ਾਰ ਗਏ ਨੇ। ਉਨ੍ਹਾਂ ਨੂੰ ਕਹਿ ਮਿਠਾਈ ਦਾ ਡੱਬਾ ਲੈ ਆਉਣ। ਹੁਣੇ ਕਰਦੀ ਹਾਂ 'ਮੰਮਾ',ਜੋਤ ਫੋਨ ਤੋਂ ਆਪਣੇ ਪਾਪਾ ਨੂੰ ਫੋਨ ਮਲਾਉਂਦੇ ਹੋਏ ਬੋਲੀ ।

ਜੋਤ(ਖੁਸ਼ ਹੁੰਦੇ ਹੋਏ):-ਹੈਲੋ,ਪਾਪਾ

ਮਨਪ੍ਰੀਤ( ਸਾਧਾਰਨ ਤਰੀਕੇ ਨਾਲ):- ਹਾਂ,ਜੋਤ

ਜੋਤ(ਖੁਸ਼ ਹੁੰਦੇ ਹੋਏ):- ਪਾਪਾ ਮੇਰਾ ਰਿਜਲਟ ਆ ਗਿਆ। ਮੈਂ ਆਪਣੀ ਕਲਾਸ ਚੋ ਪਹਿਲੇ ਨੰਬਰ ਤੇ ਆਈ।

ਮਨਪ੍ਰੀਤ(ਖੁਸ਼ ਹੁੰਦੇ ਹੋਏ):-ਬੱਲੇ,ਵਧਾਈ ਹੋਵੇ ਪੁੱਤ

ਦੱਸ ਫਿਰ,ਕੀ ਖਾਣਾ ? ਓਹੀ ਲੈ ਕੇ ਆਉਂਦਾ ਹਨ।

ਜੋਤ:- ਪਾਪਾ,ਗੁਲਾਬ ਜਾਮੁਣ ਦਾ ਡੱਬਾ ਲੈ ਆਊ।

ਮਨਪ੍ਰੀਤ:- ਲੈ ਆਉਂਦਾ ਹਾਂ। ਹੋਰ ਤਾਂ ਨਹੀਂ ਕੁਝ ਮੰਗਵਾਉਣਾ।

ਜੋਤ :-ਇੱਕ ਮਿੰਟ ਪਾਪਾ ,ਆਹ ਮੰਮਾ ਨਾਲ ਗੱਲ ਕਰ ਲੋ,ਜੋਤ ਬਿੰਦਰ ਨੂੰ ਫੋਨ ਫੜਾਉਂਦੇ ਹੋਏ।

ਬਿੰਦਰ:-ਹਾਂਜੀ

ਮਨਪ੍ਰੀਤ:- ਲੈ ਕੇ ਆਉਣਾ ਕੁੱਝ ਹੋਰ ਖਾਣ ਨੂੰ ।

ਬਿੰਦਰ :- ਨਹੀਂ ਰਹਿਣ ਦੋ । ਕੱਲ ਪਰਸੋ ਸਾਰੇ ਬਾਜ਼ਾਰ ਆਵਾਂਗੇ ਫਿਰ ਜਿਨ੍ਹੇ ਜੋ ਖਾਣਾ ਉਹ ਖਾ ਲਾਵਾਂਗੇ।

ਮਨਪ੍ਰੀਤ:-ਠੀਕ ਆ ,ਚੱਲ ਫਿਰ ਚੰਗਾ ।

ਬਿੰਦਰ ਵੀ ਚੰਗਾ ਕਹਿ ਫੋਨ ਕੱਟ ਕੇ ਜੋਤ ਨੂੰ ਫੜਾਉਂਦੀ ਹੋਈ ਕਹਿੰਦੀ ਹੈ ਕਿ ਉਹ ਹਰਮਨ ਨੂੰ ਵੀ ਮੈਸਜ ਕਰ ਦੱਸ ਦਵੇ। ਜੋਤ ਰਸੋਈ ਚ ਬਿੰਦਰ ਦੇ ਕੋਲ ਖੜ੍ਹੀ ਹੀ ਹਰਮਨ ਨੂੰ ਆਪਣੇ ਰਿਜਲਟ ਦੇ ਬਾਰੇ ਮੈਸਜ ਲਿਖ ਸੈਂਡ ਕਰ ਦਿੰਦੀ ਹੈ।

ਇਨ੍ਹੇ ਨੂੰ ਬਿੰਦਰ ਕਿਸ਼ਨ ਕੋਰ ਨੂੰ ਰਸੋਈ ਦੀ ਬਾਰੀ ਰਹੀ,ਗੇਟ ਦੇ ਅੰਦਰ ਆਉਂਦੀ ਦੇਖਦੀ ਹੈ ਅਤੇ ਜੋਤ ਨੂੰ ਕਹਿੰਦੀ ਹੈ,"ਜੋਤ ਮੰਮੀ ਵੀ ਆ ਗਏ ਗੁਰੂਦਵਾਰਾ ਸਾਹਿਬ ਤੋਂ।" ਜਾ ਉਨ੍ਹਾਂ

ਨੂੰ ਵੀ ਦੱਸ ਕੇ ਆ ਰਿਜਲਟ ਆਪਣਾ।ਉਨ੍ਹਾਂ ਨੂੰ ਤਾਂ ਵਿਆਹ ਵਾਂਗ ਚਾਅ ਚੜ੍ਹ ਜਾਣਾ ਹੈ ਕਿ ਮੇਰੀ ਪੋਤਰੀ ਨੇ ਫਿਰ ਪਹਿਲਾ ਸਥਾਨ ਪ੍ਰਾਪਤ ਕੀਤਾ ਕਲਾਸ ਚੋ।

ਜੋਤ ਦੇ ਬਾਹਰ ਆਉਂਦਿਆਂ ਤੱਕ ਕਿਸ਼ਨ ਕੌਰ ਵਿਹੜਾ ਲੰਘ ਬਰਾਂਡੇ ਚ ਆ ਗਈ ਅਤੇ ਜੋਤ ਨੂੰ ਖੁਸ਼ ਦੇਖਦੇ ਹੋਈ ਕਹਿਣ ਲੱਗੇ,"ਕੀ ਗੱਲ, ਅੱਜ ਮੇਰੀ ਧੀ ਬਹੁਤ ਖੁਸ਼ ਹੈ।"

ਇਸ ਤੋਂ ਪਹਿਲਾ ਕਿ ਜੋਤ ਬੋਲਦੀ,"ਗੁਰਨਾਜ਼ ਅਤੇ ਗੁਰਬਾਜ਼ ਇਕੱਠੇ ਬੋਲੇ ਪਏ,ਬੀਜੀ ਦੀਦੀ ਕਲਾਸ ਚੋ ਪਹਿਲੇ ਨੰਬਰ ਤੇ ਆਈ।"

ਮੇਰੀ ਧੀ ਨੂੰ ਬਹੁਤ ਬਹੁਤ ਵਧਾਈਆਂ,ਇੱਦਾਂ ਹੀ ਆਪਣੇ ਮਾਂ ਪਿਓ ਦਾ ਨਾਮ ਰੋਸ਼ਨ ਕਰਦੀ ਰਹਿ,ਕਿਸ਼ਨ ਕੌਰ ਖੁਸ਼ ਹੁੰਦੇ ਹੋਏ ਬੋਲੀ ।

ਅੱਧੇ ਕੁ ਘੰਟੇ ਬਾਅਦ ਮਨਪ੍ਰੀਤ ਵੀ ਮਿਠਾਈ ਦਾ ਡੱਬਾ ਲੈ ਘਰ ਆ ਗਿਆ ਅਤੇ ਬਿੰਦਰ ਨੇ ਗੁਲਾਬ ਜਾਮੁਣ ਵਾਲੇ ਡੱਬੇ ਦਾ ਟੱਕਣ ਖੋਲ ਕੇ ਸਭ ਦੇ ਅੱਗੇ ਡੱਬਾ ਕਰ ਦਿੱਤਾ। ਸਭ ਨੇ ਇੱਕ ਇੱਕ ਗੁਲਾਬ ਜਾਮੁਣ ਚੁੱਕਿਆ ਅਤੇ ਖਾ ਲਿਆ ਅਤੇ ਬਾਕੀ ਡੱਬਾ ਬਿੰਦਰ ਨੇ ਫਰਿੱਜ਼ ਦੇ ਵਿੱਚ ਰੱਖ ਦਿੱਤਾ।

ਜੋਤ ਦੇ ਟਾਈਮ ਦੇਖਿਆ ਅਤੇ ਸੋਚਿਆ ਕਿ,ਅੰਮ੍ਰਿਤ ਦੇ ਪਾਪਾ ਵੀ ਹੁਣ ਘਰ ਹੀ ਆ ਗਏ ਹੋਣਗੇ । ਮੈਂ ਉਸਨੂੰ ਫੋਨ ਕਰਕੇ ਉਸਦਾ ਰਿਜਲਟ ਵੀ ਪੁੱਛਦੀ ਹਾਂ। ਜੋਤ ਅੰਮ੍ਰਿਤ ਨੂੰ ਫੋਨ ਮਿਲਾਉਂਦੀ ਹੈ ਪਰ ਅੱਗੋਂ ਕੋਈ ਫੋਨ ਨਹੀਂ ਚੱਕਦਾ। ਫਿਰ ਰਾਤ ਨੂੰ ਅੰਮ੍ਰਿਤ ਜੋਤ ਨੂੰ ਫੋਨ ਕਰਕੇ ਵਧਾਈ ਦਿੰਦੀ ਹੈ ਅਤੇ ਦੱਸਦੀ ਹੈ ਕਿ ਉਹ ਵੀ ਪਾਸ ਹੋ ਗਈ ਹੈ ਅਤੇ ਮੇਰੇ 78% ਮਾਰਕਸ ਆਏ ਹਨ। ਜੋਤ ਅੰਮ੍ਰਿਤ ਨੂੰ ਵਧਾਈ ਦਿੰਦੀ ਹੈ ਅਤੇ ਇੱਕ ਦੂਜੇ ਦਾ ਹੈ ਹਾਲ ਚਾਲ ਪੁੱਛ ਦੋਨੇ ਫੋਨ ਕੱਟ ਦਿੰਦੀਆਂ ਹਨ।

ਇੱਦਾਂ ਹੀ ਕੁੱਝ ਖ਼ੱਟੀਆਂ ਮਿੱਠੀਆਂ ਯਾਦਾਂ ਨਾਲ ਜੋਤ ਅਤੇ ਅੰਮ੍ਰਿਤ ਆਪਣਾ B.COM ਦਾ

ਦੂਜਾ ਸਾਲ ਵੀ ਪੂਰਾ ਕਰ ਲੈਂਦੀਆਂ ਹਨ ਅਤੇ B.COM ਸੈਕੰਡ year ਵਿੱਚ ਵੀ ਜੋਤ ਕਲਾਸ ਚੋ ਪਹਿਲੇ ਸਥਾਨ ਤੇ ਆਉਂਦੀ ਹੈ |

ਬੀਤਦੇ ਸਾਲਾਂ ਨਾਲ ਜੋਤ ਅਤੇ ਅੰਮ੍ਰਿਤ ਦੀ ਦੋਸਤੀ ਵੀ ਹੋਰ ਗਹਿਰੀ ਹੋ ਗਈ ਸੀ। ਦੋਨੋ ਇੱਕ ਦੂਜੇ ਨੂੰ ਭੈਣਾਂ ਵਾਂਗ ਪਿਆਰ ਕਰਦੀਆਂ ਹਨ | ਦੋਨਾਂ ਨੂੰ ਇੱਕ ਦੂਜੇ ਦੀ ਹਰ ਨਿੱਕੀ ਨਿੱਕੀ ਗੱਲ ਪਤਾ ਹੁੰਦੀ।

ਹੁਣ ਜੋਤ ਅਤੇ ਅੰਮ੍ਰਿਤ ਦੀਆਂ B.COM ਦੇ ਤੀਜੇ ਸਾਲ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ | ਅੰਮ੍ਰਿਤ ਜੋ ਘਰ ਉਦਾਸ ਰਹਿੰਦੀ, ਕਾਲਜ ਚ ਆ ਕੇ ਸਭ ਕੁੱਝ ਭੁੱਲ ਜਾਂਦੀ। ਜਦੋ ਕਦੇ ਜੋਤ ਦੇ ਘਰ ਅੰਮ੍ਰਿਤ ਦੀ ਮਨਪਸੰਦ ਸਬਜ਼ੀ ਬਣੀ ਹੁੰਦੀ ਤਾਂ ਤਾਂ ਜੋਤ ਟਿਫਨ ਚ ਪਾ ਕੇ ਅੰਮ੍ਰਿਤ ਲਈ ਵੀ ਕਾਲਜ ਲੈ ਆਉਂਦੀ |

ਇੱਕ ਦਿਨ ਅੰਮ੍ਰਿਤ ਕਾਲਜ ਨਹੀਂ ਆਈ,ਜੋਤ ਨੂੰ ਲੱਗਾ ਕੇ ਅੰਮ੍ਰਿਤ ਨੂੰ ਘਰ ਕੋਈ ਜਰੂਰੀ ਕੰਮ ਹੋਣਾ ਤਾਂ ਨਹੀਂ ਆਈ ਜਾਂ ਲੇਟ ਹੋ ਗਈ ਹੋਣੀ ਕਿਓਂਕਿ ਅੱਗੇ ਵੀ ਅੰਮ੍ਰਿਤ ਘਰ ਚ ਜੇ ਕੋਈ ਕੰਮ ਹੋਵੇ ਛੁੱਟੀ ਕਰ ਲੈਂਦੀ ਸੀ।

ਜਦੋ ਅਗਲੇ ਦਿਨ ਫਿਰ ਅੰਮ੍ਰਿਤ ਕਾਲਜ ਨਾ ਆਈ ਤਾਂ ਜੋਤ ਪ੍ਰੇਸ਼ਾਨ ਹੋ ਗਈ। ਉਸਨੇ ਰਿਸੈਸ ਸਮੇ ਅੰਮ੍ਰਿਤ ਦੇ ਪਾਪਾ ਦੇ ਫੋਨ ਤੇ ਫੋਨ ਕੀਤਾ |ਪਰ ਕਿਸੇ ਨੇ ਫੋਨ ਨਹੀਂ ਚੁੱਕਿਆ। ਜੋਤ ਨੇ ਸੋਚਿਆ ਕਿ ਸ਼ਾਇਦ ਅੰਮ੍ਰਿਤ ਦੇ ਪਾਪਾ ਕੀਤੇ ਬਾਹਰ ਹੋਣੇ ਤਾਂ ਨਹੀਂ ਚੱਕਿਆ। ਘਰ ਜਾ ਕੇ ,ਰਾਤ ਨੂੰ ਕਰਾਂਗੀ। ਪਰ ਅੰਮ੍ਰਿਤ ਦੇ ਕਾਲਜ ਨਾ ਆਉਣ ਕਰਕੇ ਜੋਤ ਸਾਰਾ ਦਿਨ ਕਾਲਜ ਚ ਮੁਰਝਾਇਆ ਜਿਹਾ ਚਿਹਰਾ ਲੈ ਲੈਕਚਰ ਲਗਾਉਂਦੀ ਰਹੀ |

ਕਾਲਜ ਤੋਂ ਜਦ ਜੋਤ ਘਰ ਆਈ ਤਾਂ ਬਿੰਦਰ ਨੇ ਜੋਤ ਦਾ ਮੁਰਝਾਇਆ ਚਿਹਰੇ ਦੇਖ ਪੁੱਛਿਆ,"ਕੀ ਹੋਇਆ ਪੁੱਤ..?ਕੋਈ ਗੱਲ ਹੈ..?" ਨਹੀਂ ਮੰਮਾ,ਕੋਈ ਖਾਸ ਗੱਲ ਨਹੀਂ ਬਸ

ਪ੍ਰੇਸ਼ਾਨ ਹਾਂ,ਜੋਤ ਉਦਾਸੀ ਭਰੀ ਅਵਾਜ ਚ ਬੋਲੀ ।

ਉਦਾਸ,ਕਿਓਂ ਕੀ ਹੋਇਆ ? ਕਿਸੇ ਨੇ ਕੁੱਝ ਕਿਹਾ,ਬਿੰਦਰ ਨੇ ਜੋਤ ਨੂੰ ਪੁੱਛਿਆ ।

ਨਹੀਂ ਮੰਮਾ,ਦਰਅਸਲ,ਦੋ ਦਿਨ ਹੋ ਗਏ,ਅੰਮ੍ਰਿਤ ਕਾਲਜ ਨਹੀਂ ਆ ਰਹੀ। ਮੈਂ ਉਸਦੇ ਪਾਪਾ ਨੂੰ ਵੀ ਫੋਨ ਕੀਤਾ ਸੀ। ਪਰ, ਕਿਸੇ ਨੇ ਫੋਨ ਉਠਾਇਆ ਨਹੀਂ,ਜੋਤ ਪ੍ਰੇਸ਼ਾਨ ਹੁੰਦੇ ਬੋਲੀ ।

ਕੋਈ ਗੱਲ ਨਹੀਂ ਪੁੱਤ,ਕੋਈ ਕੰਮ ਹੋਵੇਗਾ। ਕਈ ਵਾਰ,ਜਦੋ ਬੰਦਾ ਕੰਮ ਚ ਬੀਜੀ ਹੋਵੇ,ਫੋਨ ਵੱਜਦੇ ਦਾ ਨਹੀਂ ਪਤਾ ਲੱਗਦਾ। ਤੂੰ ਰਾਤ ਨੂੰ ਇੱਕ ਵਾਰ ਫਿਰ ਕਰ ਲਈ, ਬਿੰਦਰ ਜੋਤ ਨੂੰ ਸਮਝਾਉਂਦੇ ਹੋਏ ਕਹਿਣ ਲੱਗੀ ।ਫਿਰ ਰਾਤ ਨੂੰ ਜੋਤ ਨੇ ਅੰਮ੍ਰਿਤ ਨੂੰ ਫੋਨ ਮਲਾਇਆ ਅਤੇ ਅੱਗੋਂ ਫੋਨ ਅੰਮ੍ਰਿਤ ਨੇ ਚੁੱਕਿਆ ਅਤੇ ਚੁੱਕਦੇ ਸਾਰ ਅੰਮ੍ਰਿਤ ਨੇ ਰੋਣਾ ਸ਼ੁਰੂ ਕਰ ਦਿੱਤਾ.......

ਜੋਤ ਅੰਮ੍ਰਿਤ ਦਾ ਰੋਣਾ ਸੁਣ ਘਬਰਾ ਗਈ ਅਤੇ ਕਾਹਲੀ ਚ ਬੋਲੀ , ਕੀ ਹੋਇਆ ?

ਤੂੰ ਰੋ ਕਿਓਂ ਰਹੀ ਆ ?

ਅੰਮ੍ਰਿਤ ਬਿਨਾ ਕੁੱਝ ਬੋਲੇ, ਬਸ ਰੋਈ ਜਾ ਰਹੀ ਸੀ ਜਿਵੇਂ ਸਾਉਣ ਮਹੀਨੇ ਮੀਹ ਬਿਨਾਂ ਰੁਕੇ ਲਗਾਤਾਰ ਪੈ ਰਿਹਾ ਹੁੰਦਾ ।

ਪਾਗਲ ਕੁੱਝ ਬੋਲੇਗੀ ਵੀ ,ਕੀ ਹੋਇਆ ? ਜੋਤ ਨੇ ਘਬਰਾਉਂਦੇ ਹੋਇਆ ਪੁੱਛਿਆ।

ਅੰਮ੍ਰਿਤ ਹਟ ਕੋਰੇ ਲੈਂਦੀ ਬੋਲੀ ,"ਜੋਤ,ਮੇਰੇ ਘਰਦਿਆਂ ਨੇ ਮੇਰਾ ਰਿਸ਼ਤਾ ਕਰ ਦਿੱਤਾ ਹੈ।"

ਜੋਤ ਖੁਸ਼ ਹੁੰਦੀ ਬੋਲੀ ,ਪਾਗਲ ਇਸ ਚ ਰੌਣ ਵਾਲੀ ਕਿਹੜੀ ਗੱਲ ਆ ,ਇਹ ਤਾਂ ਖੁਸ਼ੀ ਦੀ ਗੱਲ ਹੈ। ਬਹੁਤ ਬਹੁਤ ਵਧਾਈ ਹੋਵੇ ਤੈਨੂੰ।ਇਸ ਲਈ ਤੂੰ ਕਾਲਜ ਨਹੀਂ ਆਈ ਦੋ ਦਿਨ।

ਜੋਤ ਦੀ ਗੱਲ ਨੂੰ ਵਿੱਚੇ ਕੱਟਦੀ ਅੰਮ੍ਰਿਤ ਫਿਰ ਬੋਲ ਪਈ। ਜੋਤ, ਮੇਰਾ ਅਗਲੇ ਹਫਤੇ ਵਿਆਹ ਹੈ ਅਤੇ ਮੈਂ ਹੁਣ ਕਾਲਜ ਨਹੀਂ ਆਉਣਾ,ਅੰਮ੍ਰਿਤ ਕੰਬਦੀ ਅਵਾਜ ਚ ਗੁੱਸੇ ਚ ਖਿਝ ਕੇ ਬੋਲੀ ।

ਕ...ਕ...ਕੀ ? ,ਜੋਤ ਹਚਕਾਉਂਦੀ ਹੋਈ ਬੋਲੀ ।

ਜੋਤ ,ਮੈਂ ਹੁਣ ਕਾਲਜ ਨਹੀਂ ਆਉਣਾ,ਮੇਰਾ 15 ਦਿਨਾਂ ਨੂੰ ਵਿਆਹ ਹੈ ,ਅੰਮ੍ਰਿਤ ਦੁਬਾਰਾ ਭਰੇ ਮਨ ਨਾਲ ਬੋਲੀ ।

ਪਰ ਕਿਓਂ?

ਵਿਆਹ ਤਾਂ ਤੇਰਾ ਪੇਪਰਾਂ ਤੋਂ ਬਾਅਦ ਵੀ ਹੋ ਸਕਦਾ ਹੈ ,ਇਨ੍ਹੀ ਕਾਹਦੀ ਕਾਹਲੀ ਆ ਜਿਵੇਂ ਕੁੰਭ ਦੇ ਮੇਲੇ ਤੇ ਜਾਣਾ ਹੋਵੇ,ਜੋਤ  ਹੈਰਾਨ ਹੁੰਦੀ ਬੋਲੀ ।

ਕੀ ਕਰਦਾ ਮੁੰਡਾ ? ਜੋ ਇਨ੍ਹੀ ਕਾਹਲੀ ਪਾਈ ਆ ।

ਜੋਤ ਮੁੰਡਾ,ਇਟਲੀ ਤੋਂ ਆਇਆ ਅਤੇ ਮੇਰੇ ਤੋਂ 15 ਸਾਲ ਵੱਡਾ ਆ।ਉਸਨੇ ਵਿਆਹ ਕਰ ਕੇ ਹੀ ਜਾਣਾ ਹੈ । ਮੁੰਡੇ ਵਾਲੇ ਕਹਿੰਦੇ ਅਸੀਂ 15 ਦਿਨਾਂ ਦੇ ਵਿੱਚ ਹੀ ਵਿਆਹ ਕਰਨਾ ਹੈ,,ਇਹ ਕਹਿੰਦੇ ਅੰਮ੍ਰਿਤ ਫਿਰ ਰੋ ਪਈ।

ਜੋਤ ਹੈਰਾਨ ਹੁੰਦੀ ਬੋਲੀ ,"ਹੱਦ ਆ ਯਾਰ। ਤੂੰ ਆਪਣੇ ਪਾਪਾ ਨੂੰ ਨਹੀਂ ਕਿਹਾ ਕਿ ਮੈਨੂੰ B.COM ਪੂਰੀ ਕਰ ਲੈਣ ਦੋ।" ਜੋਤ ਕਿਹਾ ਸੀ ਪਰ ਰਿਸ਼ਤਾ ਮੇਰੀ ਦੂਜੀ ਮੰਮੀ ਦੀ ਭੈਣ ਨੇ ਕਰਵਾਇਆ ਹੈ ਅਤੇ ਉਨ੍ਹਾਂ ਨੇ ਲਾਲਚ ਦਿੱਤਾ ਕਿ ਅਸੀਂ ਦਾਜ ਨਹੀਂ ਲੈਣਾ । ਭਾਵੇ ਕੁੜੀ ਨੂੰ ਦੋ ਸੂਟਾਂ ਚ ਤੋਰ ਦੋ। ਅਸੀਂ ਤਾਂ ਚੁੰਨੀ ਚੜਾਵਾ ਕਰਨਾ ਹੈ ।

ਸਭ ਨੂੰ ਇਹ ਹੈ ਕਿ ਸਾਡਾ ਖਰਚ ਨਹੀਂ ਹੋਣਾ ਕੋਈ । ਇਸ ਲਈ ਮੇਰੀ ਕੋਈ ਵੀ  ਨਹੀਂ ਸੁਣ ਰਿਹਾ,ਅੰਮ੍ਰਿਤ ਇਨ੍ਹਾਂ ਕਹਿ ਚੁੱਪ ਹੋ ਗਈ।

ਦੇਖ ਅੰਮ੍ਰਿਤ,ਮੰਨਦੀ ਹਾਂ ਕਿ ਤੇਰੇ ਵਿਆਹ ਚ ਕਾਹਲੀ ਹੋ ਰਹੀ ਹੈ ਪਰ ਮਾਪੇ ਜੋ ਆਪਣੇ ਬੱਚਿਆਂ ਲਈ  ਕਰਦੇ ਨੇ ਚੰਗਾ ਸੋਚ ਕੇ ਹੀ ਕਰਦੇ ਨੇ । ਕੀ ਪਤਾ ਉਨ੍ਹਾਂ ਨੂੰ ਮੁੰਡਾ ਅਤੇ ਘਰ ਪਰਿਵਾਰ ਵਧੀਆ ਲੱਗਾ ਹੋਵੇ ਤਾਂ ਹੀ ਉਨ੍ਹਾਂ ਨੇ ਰਿਸ਼ਤਾ ਕੀਤਾ ਹੋਵੇ।

ਨਾਲੇ ਅੰਮ੍ਰਿਤ ਜੇ ਸੋਚ ਮਿਲਦੀ ਹੋਵੇ ਤਾਂ ਉਮਰ ਦਾ ਫਰਕ ਮਾਇਨੇ ਨਹੀਂ ਰੱਖਦਾ। ਅੱਜ ਕੱਲ ਤਾਂ ਹਮ ਉਮਰ ਦੀ ਆਪਸ ਵਿੱਚ ਨਹੀਂ ਬਣਦੀ। ਜੇ ਮੁੰਡਾ ਵਧੀਆ ਆ ,ਕੋਈ ਨਸ਼ਾ ਪਤਾ ਨਹੀਂ ਕਰਦਾ,ਸੋਹਰਾ ਪਰਿਵਾਰ ਵਧੀਆ ਤਾਂ ਫਿਰ ਇਨ੍ਹਾਂ ਨਾ ਸੋਚ।

ਜਦੋ ਤੇਰੀ ਮੁੰਡੇ ਨਾਲ ਗੱਲ ਹੋਈ,ਤੂੰ ਉਸ ਨਾਲ ਗੱਲ ਕਰਕੇ ਵੇਖੀ । ਕੀ ਪਤਾ ਉਹ ਤੈਨੂੰ ਸਮਝੇ,ਜੋਤ ਅੰਮ੍ਰਿਤ ਨੂੰ ਸਮਝਾਉਂਦੇ ਹੋਏ ਬੋਲੀ ।

ਅੰਮ੍ਰਿਤ ਨੂੰ ਜੋਤ ਨਾਲ ਗੱਲ ਕਰਕੇ ਕੇ ਥੋੜ੍ਹਾ ਜਿਹਾ  ਹੌਂਸਲਾ ਮਿਲਿਆ।

ਅਜੇ ਅੰਮ੍ਰਿਤ ਅਤੇ ਜੋਤ ਆਪਸ ਵਿਚ ਗੱਲਾਂ ਕਰ ਹੀ ਰਹੀਆਂ ਸੀ ਕਿ ਅੰਮ੍ਰਿਤ ਨੂੰ ਫੋਨ ਵਿੱਚੋ ਟੂ ਟੂ ਦੀ ਆਵਾਜ਼ ਸੁਣਾਈ ਦਿੱਤੀ। ਜਦੋ ਅੰਮ੍ਰਿਤ ਨੇ ਫੋਨ ਦੀ ਸਕਰੀਨ ਤੇ ਦੇਖਿਆ ਤਾਂ ਕਿਸੇ ਦੀ ਕਾਲ ਆ ਰਹੀ ਸੀ ਤਾਂ ਅੰਮ੍ਰਿਤ ਨੇ ਜੋਤ ਨੂੰ ਫੋਨ ਕੱਟਣ ਦਾ ਕਹਿ ਕੇ ਫੋਨ ਆਪਣੇ ਪਾਪਾ ਨੂੰ ਫੜਾ ਦਿੱਤਾ। ਭਾਵੇ ਜੋਤ ਨੇ ਅੰਮ੍ਰਿਤ ਨੂੰ ਤਾਂ ਦਿਲਾਸਾ ਦੇ ਦਿੱਤਾ ਸੀ ਪਰ ਜੋਤ ਅੰਮ੍ਰਿਤ ਦਾ ਵਿਆਹ ਦਾ ਸੁਣ ਕੇ ਉਦਾਸ ਹੋ ਗਈ। ਉਹ ਹਰ ਰੋਜ ਕਾਲਜ ਤਾਂ ਜਾਂਦੀ ਪਰ ਅੰਮ੍ਰਿਤ ਤੋਂ ਬਿਨਾਂ ਉਸਦਾ ਦਿਲ ਨਹੀਂ ਲੱਗਦਾ ,ਕਾਲਜ ਚ।

ਇੱਕ ਦਿਨ ਰਿਸੈਸ ਸਮੇ ਜੋਤ ਕਲਾਸ ਚ ਬੈਠੀ ਫੋਨ ਤੇ ਕੁੱਝ ਦੇਖ ਰਹੀ ਸੀ ਕਿ ਅੰਮ੍ਰਿਤ ਦਾ ਫੋਨ ਆ ਗਿਆ।

ਜੋਤ ਖੁਸ਼ ਹੁੰਦੇ ਹੋਏ:-ਹੈਲੋ ਅੰਮ੍ਰਿਤ

ਹੈਲੋ ਜੋਤ ,ਅੰਮ੍ਰਿਤ ਖੁਸ਼ ਹੁੰਦੇ ਬੋਲੀ ।

ਕੀ ਗੱਲ ਅੰਮ੍ਰਿਤ...? ਅੱਜ ਬਹੁਤ ਖੁਸ਼ ਲੱਗ ਰਹੀ ਆ ਜਿਵੇਂ ਕੋਈ ਸਦੀਆਂ ਦਾ ਗੁਵਾਚਾ ਹੋਇਆ ਖਜਾਨਾ ਮਿਲ ਗਿਆ ਹੋਵੇ...? ਹਾਂ ਯਾਰ,ਬਸ ਖ਼ਾਜ਼ਨੇ ਵਾਲੀ ਗੱਲ ਹੀ ਆ। ਤੂੰ ਸੁਣੇਗੀ ਤਾਂ ਤੂੰ ਵੀ ਖੁਸ਼ੀ ਚ ਨੱਚਣ ਲੱਗ ਜਾਵੇਗੀ,ਅੰਮ੍ਰਿਤ ਹੱਸਦੇ ਹੋਏ ਬੋਲੀ।

ਜੋਤ ਹੈਰਾਨ ਹੁੰਦੇ ਹੋਏ ,ਅੱਛਾ! ਦੱਸ ਫਿਰ ਜਲਦੀ ਮੈਨੂੰ ਵੀ।

ਜੋਤ ,ਜਿਸ ਮੁੰਡੇ ਨਾਲ ਮੇਰਾ ਰਿਸ਼ਤਾ ਹੋਇਆ ਸੀ ਜਾਨੀ ਕਿ ਅਮਰਦੀਪ l ਮੈਂ ਉਨ੍ਹਾਂ ਨਾਲ ਗੱਲ ਕੀਤੀ ਸੀ ਕਿ ਮੈਨੂੰ B.COM ਦਾ ਆ ਸਾਲ ਪੂਰਾ ਕਰ ਲੈਣ ਦੋ। ਮੈਂ ਸੋਚ ਵੀ ਨਹੀਂ ਸਕਦੀ ਕਿ ਉਹ ਮੰਨ ਗਏ ਅਤੇ ਉਨ੍ਹਾਂ ਦੇ ਪਾਪਾ ਦੀ ਕੱਲ, ਮੇਰੇ ਪਾਪਾ ਨੂੰ ਕਾਲ ਆਈ ਸੀ। ਉਨ੍ਹਾਂ ਨੇ ਕਿਹਾ ਕਿ ਸਾਨੂੰ ਕੋਈ ਸਮੱਸਿਆ ਨਹੀਂ ਜੇ ਅੰਮ੍ਰਿਤ ਪੜ੍ਹਨਾ ਚਾਹੁੰਦੀ ਹੈ। ਇਸ ਲਈ ਮੈਂ ਕੱਲ ਕਾਲਜ ਆ ਰਹੀ ਆ ਕੁਝ ਦਿਨ ਲਈ ਛੁੱਟੀ ਲੈਣ ਅਤੇ ਵਿਆਹ ਤੋਂ ਬਾਅਦ ਮੈਂ ਆਪਣੀ ਪੜ੍ਹਾਈ ਜਾਰੀ ਰੱਖਾਂਗੀ,ਅੰਮ੍ਰਿਤ ਖੁਸ਼ ਹੁੰਦੀ ਬੋਲੀ l

ਅੰਮ੍ਰਿਤ ਦੀ ਗੱਲ ਸੁਣ ਕੇ ਜੋਤ ਦੇ ਸਰੀਰ ਚ ਤਾਂ ਜਿਵੇਂ ਜਾਨ ਹੀ ਆ ਗਈ ਅਤੇ ਉਸਨੇ ਖੁਸ਼ ਹੁੰਦੇ ਬੋਲਿਆ ," ਆਜਾ ਆਜਾ,ਕੱਲ ਤੇਰਾ ਇੰਤਜ਼ਾਰ ਕਰੂ।" ਚਲ ਕੱਲ ਮਿਲਦੇ ਹਾਂ ਹੁਣ ਮੈਂ ਲੈਕਚਰ ਲਗਾ ਲਵਾ,ਕਹਿ ਕੇ ਜੋਤ ਨੇ ਫੋਨ ਕੱਟ ਦਿਤਾ।

ਅੰਮ੍ਰਿਤ ਅਗਲੇ ਦਿਨ ਆਪਣੇ ਪਾਪਾ ਨਾਲ ਆ ਕੇ,ਆਪਣੇ ਕਲਾਸ ਇੰਚਾਰਜ ਨੂੰ ਛੁੱਟੀ ਦੀ ਅੇੈਪਲੀਕੈਸ਼ਨ ਦੇ ਗਈ ਅਤੇ ਵਿਆਹ ਤੋਂ ਕੁੱਝ ਦਿਨ ਬਾਅਦ ਅੰਮ੍ਰਿਤ ਨੇ ਫਿਰ ਤੋਂ ਕਾਲਜ ਆਉਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਦਾ ਵਿਆਹ ਜਲੰਧਰ ਚ ਹੀ ਹੋਣ ਕਰਕੇ ਅਮਰਦੀਪ ਹੀ ਕਾਰ ਤੇ ਅੰਮ੍ਰਿਤ ਨੂੰ ਕਾਲਜ ਛੱਡ ਕੇ ਜਾਂਦਾ ਅਤੇ ਅਮਰਦੀਪ ਹੀ ਲੈਣ ਆਉਂਦਾ। ਅਮਰਦੀਪ ਦੇ ਵਾਪਸ ਇਟਲੀ ਜਾਣ ਤੇ ਅੰਮ੍ਰਿਤ ਦਾ ਸੋਹਰਾ ਉਸਨੂੰ ਹਰ ਰੋਜ ਕਾਲਜ ਛੱਡਣ ਅਤੇ ਲੈਣ ਆਉਂਦਾ। ਅੰਮ੍ਰਿਤ ਹਰ ਰੋਜ ਜੋਤ ਅੱਗੇ ਆਪਣੇ ਸੋਹਰੇ ਪਰਿਵਾਰ ਅਤੇ ਪਤੀ ਦੀਆਂ ਸਿਫਤਾਂ ਹੀ ਕਰਦੀ ਰਹਿੰਦੀ ਹੈ।

ਇਕ ਦਿਨ ਰਾਤ ਨੂੰ ਸਾਰੇ ਜਾਣੇ ਬੈਠੇ ਗੱਲਾਂ ਕਰ ਰਹੇ ਸਨ ਕਿ ਬਿੰਦਰ ਨੇ  ਜੋਤ ਨੂੰ ਪੁੱਛਿਆ,"ਜੋਤ ਅੱਗੇ ਕੀ ਕਰਨ ਬਾਰੇ ਸੋਚਿਆ ਤੂੰ।" ਮੰਮਾ,ਕਰਨੀ ਤਾਂ M.COM ਸੀ ਪਰ ਹੁਣ ਕੁਝ ਸਮਝ ਨਹੀਂ ਆ ਰਿਹਾ। ਅੰਮ੍ਰਿਤ ਨੇ ਵੀ ਪੇਪਰਾਂ ਤੋਂ ਬਾਅਦ ਇਟਲੀ ਚਲੇ ਜਾਣਾ

ਹੈ,ਜੋਤ ਉਦਾਸ ਹੁੰਦੀ ਬੋਲੀ ।

ਪੁੱਤ ,ਮੈਂ ਤਾਂ ਪੁੱਛਿਆ ਤੈਨੂੰ,ਦਰਅਸਲ ਤੇਰੇ ਤਾਇਆ ਜੀ ਦਾ ਵੀ ਫੋਨ ਆਇਆ ਸੀ ਕਿ ਜੋਤ ਨੂੰ ਸਾਡੇ ਕੋਲ ਭੇਜ ਦੋ ਅਤੇ ਤੇਰੀ ਮਾਸੀ ਦਾ ਵੀ........

ਜੇ ਤਾਂ ਤੇਰਾ ਦਿਲ ਕਰਦਾ ਹੈ ਤਾਂ M.Com ਕਰ ਲਾ ਨਹੀਂ ਤਾਂ ਤੂੰ IELTS ਕਰ ਲਈ ਤੈਨੂੰ ਉਨ੍ਹਾਂ ਕੋਲ ਭੇਜ ਦੇਵਾਂਗੇ। ਜੇ ਨਹੀਂ ਵੀ ਜਾਣਾ ਤਾਂ ਵੀ ਕੋਈ ਗੱਲ ਨਹੀਂ ਨੁਕਸਾਨ ਤਾਂ ਹੈਨੀ ਈਐਲਟਸ ਦਾ। ਵੈਸੇ ਵੀ ਪੇਪਰਾਂ ਤੋਂ ਬਾਅਦ ਤੂੰ ਵੇਹਲੀ ਹੀ ਆ ਵੈਸੇ। ਬਾਅਦ ਚ ਜਿਵੇ ਸਹੀ ਲੱਗਾ ਓਵੇ ਕਰ ਲਈ। ਕੋਈ ਚਿੰਤਾ ਵਾਲੀ ਗੱਲ ਨਹੀਂ ਆ।ਨਾਲੇ ਪਰਮਜੀਤ ਦੀਦੀ ਦਾ ਫੋਨ ਆਇਆ ਸੀ ਅਤੇ ਸਾਡਾ ਇਰਾਦਾ ਸੀ ਕਿ ਤੇਰੀ ਅਤੇ ਹਰਮਨ ਦੀ ਰਿੰਗ ਸਰਮਨੀ ਕਰ ਦੇਈਏ ਕਿਓਂਕਿ ਹਰਮਨ ਦੇ ਮਾਮੇ ਦੇ ਮੁੰਡੇ ਦੇ ਵਿਆਹ ਉਹ ਆ ਰਹੇ ਹਨ।

ਕਹਿਣ ਦਾ ਮਤਲਬ ਅਗਲੇ ਮਹੀਨੇ ਪਰਮਜੀਤ ਦੀਦੀ ਹੋਣੀ ਇੰਡੀਆ ਆ ਰਹੇ ਹਨ,ਬਿੰਦਰ ਜੋਤ ਨੂੰ ਬੋਲੀ । ਮੰਮਾ ,ਜਿਵੇਂ ਤੁਹਾਨੂੰ ਲੱਗਦਾ ਤੁਸੀਂ ਓਵੇ ਕਰ ਲਵੋ।ਮੈਨੂੰ ਇਨ੍ਹਾਂ ਗੱਲਾਂ ਦਾ ਨਹੀਂ ਪਤਾ। ਪਰ ਇੱਕ ਗੱਲ ਹੈ ਈਐਲਟਸ ਦਾ ਇੱਕ ਫ਼ਾਇਦਾ ਜਰੂਰ ਹੈ ਜੇ ਮੈਂ ਕੈਨੇਡਾ ਜਾਂ ਅਮਰੀਕਾ ਜਾ ਕੇ ਅੱਗੇ ਪੜ੍ਹਨਾ ਹੈ ਤਾਂ ਇਹਦਾ ਬੈਨੀਫਿਟ ਹੀ ਹੈ। ਵਧੀਆ ਕਾਲਜ ਐਡਮਿਸ਼ਨ ਮਿਲ ਜਾਓ।ਨਾਲ਼ੇ ਦੋ ਮਹੀਨੇ ਘਰੇ ਹੀ ਰਹਿਣਾ ਆ ਵਹਿਲੇ ਰਹਿਣ ਨਾਲੋਂ ਚੰਗਾ ਈਐਲਟਸ ਕਰ ਲਵਾਂ। ਅੱਗੇ ਦੀ ਪੜ੍ਹਾਈ ਲਈ ਸੋਚਦੇ ਆ ਕੀ ਕਰਨਾ ਆ ਅਤੇ ਕਿਧਰ ਕਰਨੀ ਆ.......

ਅਗਲੇ ਦਿਨ ਸਵੇਰੇ ਬਿੰਦਰ ਨੇ ਪਰਮਜੀਤ ਨੂੰ ਫੋਨ ਕਰ ਰਿੰਗ ਸਰਮਨੀ ਲਈ ਹਾਂ ਕਰ ਦਿੱਤੀ ਅਤੇ ਨਾਲ਼ੇ ਦੱਸਿਆ ਕਿ ਜੋਤ ਦੇ ਤਾਇਆ ਤਾਈਂ ਉਸਨੂੰ ਕੈਨੇਡਾ ਅਤੇ ਮਾਸੀ ਅਮਰੀਕਾ ਸਟੱਡੀ ਲਈ ਬੁਲਾ ਰਹੇ ਨੇ।ਪਰਮਜੀਤ ਨੇ ਬਿੰਦਰ ਦੀ ਗੱਲ ਧਿਆਨ ਨਾਲ ਸੁਣੀ ਤੇ ਫਿਰ ਬਿੰਦਰ ਨੂੰ ਸਮਝਾਉਂਦਿਆ ਹੋਇਆ ਕਹਿਣ ਲੱਗੀ ਕਿ,ਜੇ ਜੋਤ ਦਾ ਮਨ ਹੈ

ਅੱਗੇ ਦੀ ਪੜ੍ਹਾਈ ਇਥੇ ਕਰਨ ਦਾ ਤਾਂ ਜੋਤ ਅਤੇ ਹਰਮਨ ਦਾ ਵਿਆਹ ਹੀ ਕਰ ਦਿੰਦੇ ਹਾਂ। ਕਿਓਂ ਰਿੰਗ ਸਰਮਨੀ ਤੇ ਫਜ਼ੂਲ ਪੈਸੇ ਖਰਚਣੇ...? ਜੇ ਜੋਤ ਅੱਗੋਂ ਪੜ੍ਹਨਾ ਵੀ ਚਾਹੁੰਦੀ ਹੈ ਤਾਂ ਸਾਂਨੂੰ ਕੋਈ ਸਮੱਸਿਆ ਨਹੀਂ। ਅਸੀਂ ਆਪੇ ਪੜ੍ਹਾ ਲਵਾਂਗੇ।

ਬਿੰਦਰ :- ਪਰ ਦੀਦੀ

ਪਰਮਜੀਤ:-(ਗੁੱਸੇ ਹੁੰਦੇ ਹੋਏ) ਪਰ ਪੁਰ ਕੁੱਝ ਨਹੀਂ । ਜੋਤ ਹੁਣ ਸਾਡੀ ਵੀ ਧੀ ਹੈ । ਰੱਬ ਦਿੱਤਾ ਬਹੁਤ ਹਾਂ ਸਾਡੇ ਕੋਲ ।

ਬਿੰਦਰ :-(ਕੁੱਝ ਸੋਚਦੇ ਹੋਏ)ਦੀਦੀ! ਜੋਤ ਦਾ ਹੁਣ ਮਨ ਈਐਲਟਸ ਕਰਨ ਨੂੰ ਬਣਿਆ ਹੈ ।

ਪਰਮਜੀਤ (ਮੁਸਕਰਾਉਂਦੇ ਹੋਏ ) ਮੈਂ ਕਿਹੜਾ ਕਿਹਾ ਈਐਲਟਸ ਨਾਲ ਕਰੇ। ਦੇ ਲੈਣ ਦੇ ਕੁੜੀ ਨੂੰ ਪੇਪਰ। ਸਗੋਂ ਵਧੀਆ ਆ ਗੱਲ ਹੈ। ਪੇਪਰ ਕਲੀਅਰ ਹੋਜੂ ਅਤੇ ਏਡਮਿਸ਼ਨ ਵੀ ਵਧੀਆ ਕਾਲਜ ਚ ਮਿਲ ਜਾਓ ਅਤੇ ਸਾਡੇ ਕੋਲ ਜਲਦੀ ਆਜੂ।ਉਂਝ ਤਾਂ ਸਾਲ ਲਗ ਜਾਂਦਾ ਹੈ।

ਬਿੰਦਰ (ਸੋਚਦੀ ਹੋਈ। ਦੀਦੀ ਗੱਲ ਤਾਂ ਸਹੀ ਹੈ ਤੁਹਾਡੀ। ਚਲੋ!

ਮੈਂ ਇਨ੍ਹਾਂ ਨਾਲ ਸਲਾਹ ਕਰਕੇ,ਤੁਹਾਨੂੰ ਕੱਲ ਫੋਨ ਕਰਕੇ ਦੱਸਦੀ ਹਾਂ।ਕਹਿ ਕੇ ਬਿੰਦਰ ਫੋਨ ਕੱਟ ਦਿੰਦੀ ਹੈ। ਬਿੰਦਰ ਮਨਪ੍ਰੀਤ ਨੂੰ ਲੈ ਕੇ ਕਿਸ਼ਨ ਕੌਰ ਕਮਰੇ ਚ ਜਾਂਦੀ ਹੈ ਅਤੇ ਪਰਮਜੀਤ ਨਾਲ ਹੋਈ ਸਾਰੀ ਗੱਲ ਵਿਸਥਾਰ ਪੂਰਵਕ ਦੱਸਦੀ ਹੈ। ਧੀਏ! ਗੱਲ ਤਾਂ ਸਹੀ ਆ ਪਰਮਜੀਤ ।ਜੇ ਉਨ੍ਹਾਂ ਏ ਆਉਣਾ ਹੈ ਤਾਂ ਫਿਰ ਵਿਆਹ ਹੀ ਕਰ ਦਿੰਦੇ ਹਾਂ,ਜੋਤ ਅਤੇ ਹਰਮਨ ਦਾ,ਕਿਸ਼ਨ ਕੌਰ ਸਮਝਾਉਂਦੇ ਬੋਲੀ । ਪਰ,ਬੀਜੀ ਮੈਂ ਨਹੀਂ ਚਾਹੁੰਦੀ ਕੇ ਜੋਤ ਦੀ ਪੜ੍ਹਾਈ ਦਾ ਖਰਚਾ ਉਹ ਚੁੱਕਣ। ਅੱਜ ਤਾਂ ਕਹਿ ਰਹੇ ਨੇ,ਕੱਲ ਦਾ ਕੀ ਪਤਾ..?ਮੈਂ ਨਹੀਂ

ਚਾਹੁੰਦੀ ਕਿ ਕੱਲ ਨੀ ਕਿਸੇ ਵੀ ਵਜ੍ਹਾ ਕਰਕੇ ਜੋਤ ਨੂੰ ਕੁੱਝ ਸੁਣਨਾ ਪਵੇ, ਬਿੰਦਰ ਨੇ ਆਪਣੇ ਦਿਲ ਦੀ ਗੱਲ ਮਨਪ੍ਰੀਤ ਅਤੇ ਕਿਸ਼ਨ ਕੌਰ ਅੱਗੇ ਕਹਿ ਦਿੱਤੀ।

ਮਨਪ੍ਰੀਤ ਬਿੰਦਰ ਨੂੰ ਸਮਝਾਉਂਦਿਆਂ ਬੋਲਿਆ ਕਿ," ਸਾਨੂੰ ਵਿਆਹ ਕਰਨ ਚ ਕੋਈ ਸਮੱਸਿਆ ਨਹੀਂ।" ਤੂੰ ਫੋਨ ਕਰ ਦੀਦੀ ਹੋਣਾ ਨੂੰ ਕਹਿ ਦੇ ਕੇ ਅਸੀਂ ਵਿਆਹ ਲਈ ਤਿਆਰ ਹਾਂ ਅਤੇ ਇਹ ਵੀ ਕਹਿ ਦੇ ਕੇ ਜੋਤ ਦੀ ਪੜ੍ਹਾਈ ਦਾ ਖਰਚਾ ਵੀ ਅਸੀਂ ਕਰਾਂਗੇ।

ਅਗਲੇ ਦਿਨ ਬਿੰਦਰ ਨੇ ਪਰਮਜੀਤ ਨੂੰ ਫੋਨ ਕੀਤਾ ਅਤੇ ਬੋਲੀ .......

ਬਿੰਦਰ ;-ਸਤਿ ਸ਼੍ਰੀ ਅਕਾਲ ਦੀਦੀ ਜੀ

ਪਰਮਜੀਤ:-ਸਤਿ ਸ਼੍ਰੀ ਅਕਾਲ ਬਿੰਦਰ । ਕਿਵੇਂ ਹੋ?

ਬਿੰਦਰ:- ਵਧੀਆ ਦੀਦੀ । ਤੁਸੀਂ ਸੁਣਾਓ,ਕਿਵੇਂ ਹੋ?

ਪਰਮਜੀਤ :- ਸਭ ਵਧੀਆ

ਬਿੰਦਰ :- ਦੀਦੀ,ਮੈਂ ਕੱਲ ਜੋਤ ਦੇ ਪਾਪਾ ਅਤੇ ਮੰਮੀ ਜੀ ਨਾਲ ਗੱਲ ਕੀਤੀ ਸੀ । ਉਨ੍ਹਾਂ ਨੂੰ ਤੁਹਾਡੀ ਗੱਲ ਸਹੀ ਲੱਗੀ। ਆਪਾਂ ਜੋਤ ਅਤੇ ਹਰਮਨ ਦਾ ਵਿਆਹ ਹੀ ਕਰ ਦਿੰਦੇ ਹਾਂ।

ਪਰਮਜੀਤ:- ਚਲੋ ਵਧੀਆ,ਕਰੋ ਤਿਆਰੀਆਂ ਵਿਆਹ ਦੀਆਂ। ਤਰੀਕ ਮਿੱਥ ਕੇ ਸਾਨੂੰ ਦੱਸ ਦਿਓ।

ਬਿੰਦਰ (ਥੋੜਾ ਝਿੱਜਕਦੇ ਹੋਏ):-ਪਰ ਦੀਦੀ

ਪਰਮਜੀਤ:- ਪਰ ਕੀ ? ਬਿੰਦਰ

ਬਿੰਦਰ :- ਦੀਦੀ ਜੋਤ ਦੀ ਅਗੇਰੀ ਪੜ੍ਹਾਈ ਦਾ ਖਰਚਾ ਵੀ ਅਸੀਂ ਕਰਾਂਗੇ।

ਪਰਮਜੀਤ(ਸਮਝਾਉਂਦੇ ਹੋਏ):- ਦੇਖ ਬਿੰਦਰ ,ਮੇਰੀ ਕਿਹੜਾ ਕੋਈ ਧੀ ਹੈ। ਜੋ ਸਾਡਾ ਹੈ ਉਹ ਹਰਮਨ ਅਤੇ ਜੋਤ ਦਾ ਹੈ। ਮੈਂ ਜੋਤ ਨੂੰ ਆਪਣੀ ਧੀ ਬਣਾ ਕੇ ਲੈ ਆਉਣਾ ਹੈ ਨੂੰਹ ਨਹੀਂ। ਜੇ ਮੇਰੇ ਧੀ ਹੁੰਦੀ ਤਾਂ ਅਸੀਂ ਉਸਤੇ ਵੀ ਪੈਸੇ ਲਾਉਣੇ ਸੀ। ਤੂੰ ਇਨ੍ਹਾਂ ਨਾ ਸੋਚ। ਮੈਂ ਤੇਰਾ

ਡਰ ਸਮਝਦੀ ਹਾਂ। ਪਰ ,ਤੂੰ ਬੇਫਿਕਰ ਰਹਿ,ਮੈਂ ਕਦੇ ਵੀ ਜੋਤ ਨੂੰ ਕੋਈ ਗੱਲ ਨਹੀਂ ਸੁਨਾਵਾਂਗੀ।

ਬਿੰਦਰ:-ਪਰ ਦੀਦੀ

ਪਰਮਜੀਤ:-ਪਰ ਪੁਰ ਕੁੱਝ ਨਹੀਂ ,ਜੋ ਮੈਂ ਕਹਿ ਦਿੱਤਾ ਠੀਕ ਆ।

ਚੁੱਪ ਕਰਕੇ ਵਿਆਹ ਦੀ ਤਿਆਰੀ ਕਰੋ। ਹੁਣ ਮੇਰੇ ਨਾਲ ਬਹਿਸ ਨਹੀਂ ਕਰਨੀ ਕੋਈ । ਨਾਲੇ ਇੱਕ ਗੱਲ ਹੋਰ ਸੁਣ। ਕੋਈ ਸੋਨਾ ਵਗੈਰਾ ਬਣਾਉਂਣ ਦੀ ਲੋੜ ਨਹੀਂ ਆ ਅਤੇ ਨਾ ਹੀ ਅਸੀਂ ਲੈਣਾ ਕੁੱਝ ।

ਬਿੰਦਰ :-ਪਰ ਦੀਦੀ,ਇੱਦਾਂ ਕਿਵੇਂ ? ਥੋੜਾ ਬਹੁਤਾ ਤਾਂ ਸਾਨੂੰ ਕਰਨਾ ਪੈਣਾ। ਲੋਕ ਕੀ ਸੋਚਣਗੇ।

ਪਰਮਜੀਤ:- ਦੇਖ ਬਿੰਦਰ,ਲੋੱਕਾਂ ਦੀ ਚਿੰਤਾ ਨਹੀਂ ਕਰੀਦੀ। ਜੇ ਅਸੀਂ ਕਹਿ ਰਹਿ ਹਾਂ ਤਾਂ ਤੈਨੂੰ ਲੋੱਕਾਂ ਬਾਰੇ ਸੋਚਣ ਦੀ ਕੋਈ ਲੋੜ ਨਹੀਂ। ਲੋੱਕਾਂ ਦਾ ਤਾਂ ਕੰਮ ਹੀ ਹੈ ਗੱਲਾਂ ਕਰਨਾ।

ਬਿੰਦਰ :-ਠੀਕ ਹੈ ਦੀਦੀ ਜਿਵੇਂ ਤੁਸੀਂ ਸਹੀ ਸਮਝੋ।

ਚਲ ਬਿੰਦਰ! ਮੈਂ ਵੀ ਰੋਟੀ ਪਕਾ ਲਵਾਂ । ਤੁਸੀਂ ਵਿਆਹ ਦੀ ਤਰੀਕ ਪੱਕੀ ਕਰਕੇ ਸਾਨੂੰ ਦੱਸ ਦਿਓ। ਅਸੀਂ ਫਿਰ ਉਸੇ ਹਿਸਾਬ ਨਾਲ ਫਲਾਈਟ ਦੀ ਟਿਕਟ ਕਰਵਾ ਲਵਾਂਗੇ।

ਠੀਕ ਹੈ ਦੀਦੀ,ਕਹਿ ਬਿੰਦਰ ਨੇ ਫੋਨ ਕੱਟ ਦਿੱਤਾ।

ਸ਼ਾਮ ਨੂੰ ਬਿੰਦਰ ਅਤੇ ਮਨਪ੍ਰੀਤ ਗੁਰੂਦਵਾਰਾ ਸਾਹਿਬ ਜਾ ਕੇ ਗ੍ਰੰਥੀ ਸਾਹਿਬ ਕੋਲੋਂ ਜਾ ਕੇ ਵਿਆਹ ਦੀ ਤਾਰੀਖ ਕੱਢਵਾ ਲਈ।ਘਰ ਆ ਕੇ ਬਿੰਦਰ ਨੇ ਕਿਸ਼ਨ ਕੌਰ ਨੂੰ ਦੱਸਿਆ ਕਿ,"ਅਗਲੇ ਮਹੀਨੇ ਦੀ 28 ਤਾਰੀਖ ਵਿਆਹ ਦੀ ਮਿੱਥ ਲਈ ਹੈ।"

ਕਿਸ਼ਨ ਕੌਰ ਨੇ ਸਭ ਨੂੰ ਵਧਾਈ ਦਿੱਤੀ ਅਤੇ ਬੋਲੀ ਕਿ ,"ਪਹਿਲਾ ਸਵੇਰੇ ਪਰਮਜੀਤ ਹੋਣਾ

ਨੂੰ ਫੋਨ ਕਰਕੇ ਅਤੇ ਫਿਰ ਜੋਤ ਦੇ ਨਾਨਕਿਆਂ ਮਾਸੀ ਨੂੰ ਵੀ ਫੋਨ ਕਰਕੇ ਵਿਆਹ ਦਾ ਦੱਸ ਦੇਵੋ ।" ਬਿੰਦਰ ਤੂੰ ਵੀ ਆਪਣੇ ਭੈਣ ਭਰਾਵਾਂ ਨੂੰ ਫੋਨ ਕਰਕੇ ਦੱਸਦੇ।

ਮਨਪ੍ਰੀਤ ,ਤੂੰ ਵੀ ਗੁਰਪ੍ਰੀਤ(ਮਨਪ੍ਰੀਤ ਦਾ ਭਰਾ)ਨੂੰ ਦੱਸ ਦੇ। ਉਹ ਵੀ ਆ ਜਾਣਗੇ ਵਿਆਹ ਤੇ ,ਜੋਤ ਦਾਦੀ ਬੋਲੀ । ਨਾਲੇ ਬਿੰਦਰ ਜੋਤ ਦੇ ਹੱਥ ਤੇ ਗੂਗਲ ਬੰਨ ਦੇ ,ਉਸਨੇ ਕਾਲਜ ਵੀ ਜਾਣਾ ਹੈ ਅਤੇ ਕੱਪੜੇ ਲੈਣ ਬਾਜ਼ਾਰ ਵੀ ਜਾਣਾ ਆਉਣਾ ਹੈ ,ਕਿਸ਼ਨ ਕੌਰ ਨੇ ਬਿੰਦਰ ਨੂੰ ਸਮਝਾਉਂਦਿਆਂ ਬੋਲੀ ।

ਰਾਤ ਨੂੰ ਬਿੰਦਰ ਨੇ ਜੋਤ ਦੀ ਬਾਂਹ ਤੇ ਗੂਗਲ ਨੂੰ ਕੱਪੜੇ ਚ ਬੰਨ ਕੇ ਬਣਦੇ ਹੋਏ ,"ਜੋਤ ,ਗੁਰਨਾਜ਼ ਅਤੇ ਗੁਰਬਾਜ਼ ਨੂੰ ਵਿਆਹ ਬਾਰੇ ਅਤੇ ਵਿਆਹ ਦੀ ਤਾਰੀਖ ਬਾਰੇ ਦੱਸ ਦਿੱਤਾ ।

ਬਿੰਦਰ ਨੇ ਅਗਲੇ ਦਿਨ ਪਹਿਲਾ ਪਰਮਜੀਤ ਅਤੇ ਫਿਰ ਜੋਤ ਦੇ ਪਹਿਲੇ ਅਤੇ ਆਪਣੇ ਪੇਕਿਆਂ ਨੂੰ ਫੋਨ ਕਰਕੇ ਜੋਤ ਦੇ ਵਿਆਹ ਦੀ ਤਾਰੀਖ ਦੱਸ ਦਿੱਤੀ। ਮਨਪ੍ਰੀਤ ਨੇ ਫੋਨ ਕਰਕੇ ਆਪਣੇ ਭਰਾ ਨੂੰ ਜੋਤ ਦੇ ਵਿਆਹ ਦੀ ਤਾਰੀਖ ਦੱਸ ਕੇ ਵਿਆਹ ਤੇ ਆਉਣ ਲਈ ਕਹਿ ਦਿੱਤਾ।

ਕਾਲਜ ਜਾ ਕੇ ਜੋਤ ਨੇ ਅੰਮ੍ਰਿਤ ਨੂੰ ਆਪਣੇ ਵਿਆਹ ਦੀ ਤਾਰੀਖ ਦੱਸਦੇ ਹੋਏ ਵਿਆਹ ਤੇ ਆਉਣ ਲਈ ਕਹਿ ਦਿੱਤਾ। ਅੰਮ੍ਰਿਤ ਖੁਸ਼ ਹੁੰਦੇ ਹੋਏ,"ਵਧਾਈ ਹੋਵੇ ਬਹੁਤ ਬਹੁਤ ਤੈਨੂੰ।" ਹੁਣ ਤੂੰ ਵੀ ਮੇਰੀ ਕੈਟਾਗਰੀ ਚ ਸ਼ਾਮਿਲ ਹੋ ਜਾਵੇਗੀ। ਨਾਲੇ ਫੋਕਾ ਹੀ ਵਿਆਹ ਤੇ ਸੱਦਣਾ,ਕਾਰਡ ਤੇ ਮਿਠਾਈ ਵਾਲਾ ਡੱਬਾ ਕਿੱਥੇ ਆ..? ਪਾਗਲ ਅਜੇ ਕੱਲ ਹੀ ਵਿਆਹ ਦੀ ਤਾਰੀਖ ਮਿੱਥੀ ਆ।

ਜਦੋ ਕਾਰਡ ਪ੍ਰਿੰਟ ਹੋ ਕੇ ਘਰੇ ਆ ਗਏ ਫਿਰ ਕਾਰਡ ਵੀ ਦੇਵਾਂਗੀ ਅਤੇ ਮਿਠਾਈ ਦਾ ਡੱਬਾ ਵੀ । ਤੂੰ ਬਸ ਵਿਆਹ ਤੇ ਆਉਣ ਲਈ ਸੂਟ ਸਾਟ ਸਵਾਂ ਕੇ ਰੱਖ ਲੈ,ਜੋਤ ਖੁਸ਼ ਹੁੰਦੀ ਹੋਈ ਅੰਮ੍ਰਿਤ ਨੂੰ ਬੋਲੀ ।

ਅੱਜ ਕਾਲਜ ਚ ਸੈਮੀਨਾਰ ਹੋਣ ਕਰਕੇ,ਕੋਈ ਵੀ ਲੈਕਚਰ ਨਾ ਲੱਗਣ ਕਰਕੇ ਜੋਤ ਸਮੇ ਸਿਰ ਘਰ ਆ ਗਈ। ਹੁਣ ਕਾਲਜ ਤੋਂ ਆ ਕੇ ਜੋਤ ਹਰ ਰੋਜ ਬਿੰਦਰ ਅਤੇ ਮਨਪ੍ਰੀਤ ਨਾਲ ਵਿਆਹ ਦੀ ਸ਼ੋਪਿੰਗ ਕਰਨ ਬਾਜ਼ਾਰ ਚਲੇ ਜਾਂਦੇ। ਮਨਪ੍ਰੀਤ ਨੇ ਵਿਆਹ ਲਈ ਪੈਲਸ ਵੀ ਬੁੱਕ ਕਰਾ ਲਿਆ  ਅਤੇ ਵਿਆਹ ਦੇ ਕਾਰਡ ਵੀ ਛੱਪਣੇ ਦੇ ਦਿੱਤੇ। ਜੋਤ ਨੇ ਆਪਣੇ ਜਿਆਦਾਤਰ ਸੂਟ ਖੋਸਾ ਬੋਟੀਕ ਤੋਂ ਤਿਆਰ ਕਰਵਾਏ ਸਨ। ਵਿਆਹ ਦੇ ਕਾਰਡ ਛੱਪ ਕੇ ਆਉਣ ਤੇ ਮਨਪ੍ਰੀਤ ਅਤੇ ਬਿੰਦਰ ਪਹਿਲਾ ਕਾਰਡ ਅਤੇ ਮਿਠਾਈ ਦਾ ਡੱਬਾ ਗੁਰੂਦਵਾਰਾ ਸਾਹਿਬ ਜਾ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕ ਆਏ। ਬਾਕੀ ਦੇ ਕਾਰਡ ਮਨਪ੍ਰੀਤ ਨੇ ਸਾਰੇ ਰਿਸ਼ਤੇਦਾਰਾਂ ਦੇ ਵੰਡਣੇ ਸ਼ੁਰੂ ਕਰ ਦਿੱਤੇ।

ਵਿਆਹ ਤੋਂ 15 ਦਿਨ ਪਹਿਲਾ ਕਾਲਜ ਜਾ ਕੇ ਜੋਤ ਛੁੱਟੀ ਦੀ ਅੈਪਲੀਕੈਸ਼ਨ ਦੇ ਆਈ ਅਤੇ ਨਾਲੇ ਵਿਆਹ ਦਾ ਕਾਰਡ ਅਤੇ ਮਿਠਾਈ ਦਾ ਡੱਬਾ ਅੰਮ੍ਰਿਤ ਨੂੰ ਦੇ ਆਈ। ਮਨਪ੍ਰੀਤ ਨੇ ਕੇਟਰਿੰਗ ਵਾਲੇ ਕੀਤੇ ਹੋਣ ਕਰਕੇ ਜਿਆਦਾ ਸਿਰਦਰਦੀ ਨਹੀਂ ਸੀ। ਵਿਆਹ ਤੋਂ ਇੱਕ ਹਫਤਾ ਪਹਿਲਾ ਜੋਤ ਦਾ ਤਾਇਆ ਤਾਈਂ ਅਤੇ ਉਨ੍ਹਾਂ ਦੇ ਜਵਾਕ ਵੀ ਕੈਨੇਡਾ ਤੋਂ ਆ ਗਏ । ਘਰ ਵਿੱਚ ਵਿਆਹ ਵਾਲਾ ਮਾਹੌਲ ਬਣਿਆ ਹੋਇਆ ਸੀ ।

ਵਿਆਹ ਤੋਂ ਪੰਜ ਦਿਨ ਪਹਿਲਾ ਘਰ ਵਿਚ ਗਾਉਂਣ ਬਿਠਾਇਆ ਗਿਆ। ਬਿੰਦਰ ਨੇ ਡਰਾਇੰਗ ਰੂਮ ਚੋ ਸੋਫੇ ਕੱਢ ਕੇ ਥੱਲੇ ਫਰਸ਼ ਤੇ ਚਾਦਰਾਂ ਵਿਛਾ ਕੇ ਅਤੇ ਸਰਦੀਆਂ ਦਾ ਮੌਸਮ ਹੋਣ ਕਰਕੇ ਕੁੱਝ  ਰਜਾਈਆ ਵੀ  ਕਮਰੇ ਚ ਰੱਖ ਕੇ ਡਰਾਇੰਗ ਰੂਮ ਦਾ ਬਾਹਰਲਾ ਦਰਵਾਜਾ ਖੋਲ ਦਿੱਤਾ। ਕਿਸ਼ਨ ਕੌਰ ਅਤੇ ਸੁਰਜੀਤ ਕੌਰ(ਜਸਨੀਤ ਦੀ ਮੰਮੀ) ਅਤੇ ਦੂਜੀ

ਨਾਨੀ(ਬਿੰਦਰ ਦੀ ਮੰਮੀ) ਪਹਿਲਾ ਹੀ ਕਮਰੇ ਦੇ ਇੱਕ ਪਾਸੇ ਕੰਧ ਨਾਲ ਢੋਲ ਲਾ ਕੇ ਰਜਾਈ ਲੈ ਕੇ ਬੈਠ ਗਈਆਂ। ਹੋਲੀ ਹੋਲੀ ਨਾਲ ਦੇ ਘਰਾਂ ਦੀਆਂ ਜਨਾਨੀਆਂ ਵੀ ਜੋਤ ਹੋਣਾ ਦੇ ਘਰ ਆਉਣ ਲੱਗੀਆਂ ਅਤੇ ਕਮਰੇ ਦੇ ਬਾਹਰ ਕੰਧ ਨਾਲ ਥਾਲੀਆਂ ਵਿਚਲੇ ਦਾਣੇ ਢੇਰੀ ਲਗਾ ਕੇ ਕਮਰੇ ਚ ਬੈਠ ਗਈਆਂ।

ਸਭ ਤੋਂ ਪਹਿਲਾ ਜੋਤ ਦੀਆਂ ਦੋਨਾਂ ਨਾਨੀਆਂ ਨੇ ਅਸੀਂ "ਬਾਬਲ ਬੇਟੀਆਂ ਚਾਰ" ਸੁਹਾਗ ਤੋਂ ਸ਼ੁਰੂਆਤ ਕੀਤੀ। ਸੱਤ ਸੁਹਾਗ ਗਾਉਂਣ ਤੋਂ ਬਾਅਦ, ਕੁੱਝ ਕੁੜੀਆਂ ਅਤੇ ਨੂੰਹਾਂ ਨੇ ਰਲ ਕੇ ਹਾਸੇ ਵਾਲੇ ਗੀਤ ਗਏ :-

ਮੇਰੀ ਲੱਗੀ ਅੱਖ ਮਾਹੀਏ ਨੂੰ ਬਿੱਲੀ ਚੱਕ ਕੇ ਲੈ ਗਈ
ਮੇਰੀ ਲੱਗੀ ਅੱਖ ਮਾਹੀਏ ਨੂੰ ਬਿੱਲੀ ਚੱਕ ਕੇ ਲੈ ਗਈ
ਨਾ ਉਹ ਗੋਰਾ,ਨਾ ਉਹ ਕਾਲਾ, ਨਾ ਉਹ ਗੋਰਾ,ਨਾ ਉਹ ਕਾਲਾ

ਕੋਕਾ ਕੋਲਾ ਰੰਗ ਮਾਹੀਏ ਨੂੰ ਬਿੱਲੀ ਚੱਕ ਕੇ ਲੈ ਗਈ
ਮੇਰੀ ਲੱਗੀ ਅੱਖ ਮਾਹੀਏ ਨੂੰ ਬਿੱਲੀ ਚੱਕ ਕੇ ਲੈ ਗਈ

ਮੇਰੀ ਲੱਗੀ ਅੱਖ ਮਾਹੀਏ ਨੂੰ ਬਿੱਲੀ ਚੱਕ ਕੇ ਲੈ ਗਈ

ਇੱਦਾਂ ਦੇ ਹੀ ਹੋਰ ਹਾਸੇ ਵਾਲੇ 6 ਗਾਣੇ ਗਾ ਕੇ ਸਾਰੀਆਂ ਜਨਾਨੀਆਂ ਅਤੇ ਕੁੜੀਆ ਗਿੱਧਾ ਪਾਉਂਣ ਲਈ ਉੱਠਣ ਹੀ ਲੱਗੀਆਂ ਸੀ ਕਿ ਇਨ੍ਹੇ ਨੂੰ ਬਿੰਦਰ ਅਤੇ ਜੋਤ ਦੀ ਤਾਈਂ ਚਾਹ ਅਤੇ ਨਾਲ ਘਰ ਦੀ ਬਣੀ ਮਿਠਾਈ ਜਿਸ ਵਿੱਚ ਨਮਕੀਨ ਮੀਠੀ ਸੀਰਨੀ,ਮੱਠੀਆਂ,ਸ਼ਕਰਭਾਰੇ ਅਤੇ ਲੱਡੂ ਥਾਲੀ ਵਿਚ ਰੱਖ ਕੇ ਲੈ ਆਈਆਂ। ਸਭ ਨੂੰ ਬੈਠਣ ਦਾ ਬੋਲਦੇ ਹੋਏ ਬਿੰਦਰ ਬੋਲੀ," ਪਹਿਲਾ ਚਾਹ ਪੀ ਕੇ ਗਰਮ ਹੋ ਜੋ ਫਿਰ ਗਿੱਧਾ ਪਾ ਲਿਊ।"

ਚਾਹ ਪੀ ਕੇ ਸਭ ਨੇ ਬੋਲੀਆਂ ਤੇ ਗਿੱਧਾ ਪਾ ਰੌਣਕਾਂ ਲਾ ਦਿੱਤੀਆਂ।

ਬਿੰਦਰ ਨੇ ਹਰ ਇੱਕ ਦੀ ਥਾਲੀ ਵਿੱਚ ਇੱਕ ਇੱਕ ਕੋਲੀ ਪਤਾਸਿਆਂ ਦੀ ਪਾ ਕੇ ਸਭ ਨੂੰ ਥਾਲੀਆਂ ਫੜਾ ਦਿੱਤੀਆਂ। ਰਾਤ ਦੇ 11 ਵਜੇ ਰੌਣਕ ਲਾ ਕੇ ਸਭ ਆਪੋ ਆਪਣੇ ਘਰ ਜਾਣ ਲਈ ਤੁਰ ਪਈਆਂ।

ਜੋਤ ਦੇ ਘਰ ਨੂੰ ਨੀਲੀਆਂ  ਅਤੇ ਚਿੱਟੇ ਰੰਗ ਦੀਆਂ ਲਾਈਟਾਂ ਨਾਲ ਸਜਾਇਆ ਗਿਆ। ਅਗਲੇ ਦਿਨ ਘਰ ਵਿਚ ਸ਼੍ਰੀ ਅਖੰਡ੍ਹ ਸਾਹਿਬ ਰਖਾਉਂਣ ਕਰਕੇ ਮਨਪ੍ਰੀਤ,ਗੁਰਪ੍ਰੀਤ ਅਤੇ ਜੋਤ ਦੇ ਪਹਿਲੇ ਨਾਨਕੇ ਗੁਰੂ ਗ੍ਰੰਥ ਸਾਹਿਬ ਲੈ ਕੇ ਆਉਣ ਲਈ ਪੈਦਲ ਹੀ  ਗੁਰੂਦਵਾਰਾ ਸਾਹਿਬ ਨੂੰ ਤੁਰ ਪਏ। ਥੋੜ੍ਹੇ ਸਮੇ ਤੱਕ ਮਨਪ੍ਰੀਤ ਸਿਰ ਤੇ ਗੁਰੂ ਗ੍ਰੰਥ ਚੁੱਕੀ ਗੇਟ ਕੋਲ ਆ ਕੇ ਖੜ੍ਹ ਗਏ। ਗੁਰਨਾਜ਼ ਆਪਣੇ ਪਾਪਾ ਨੂੰ ਦੇਖ ਕੇ ਰੌਲਾ ਪਾਉਂਦੀ ਕਮਰੇ ਵਾਲੀ ਨੂੰ ਭੱਜ ਪਈ,"ਮੰਮਾ,ਪਾਪਾ ਹੋਣੀ ਆ ਗਏ।"
ਬਿੰਦਰ ਨੇ ਸਭ ਤੋਂ ਪਹਿਲਾ ਗੇਟ ਦੇ ਦੋਨਾਂ ਪਾਸੇ ਤੇਲ ਚੋਇਆ ਅਤੇ ਫਿਰ ਸਭ ਦੇ ਪੈਰ ਪਾਣੀ ਨਾਲ ਧੋ ਕੇ ਤੋਲੀਏ ਨਾਲ ਸਾਫ ਕੀਤੇ। ਮਨਪ੍ਰੀਤ ਹੋਣੀ ਗੁਰੂ ਗ੍ਰੰਥ ਸਾਹਿਬ ਲੈ ਕੇ,ਡਰਾਇੰਗ ਰੂਮ ਚ ਚਲੇ ਗਏ ਜੋ ਕਿ ਬਿੰਦਰ ਨੇ ਸਵੇਰੇ ਜਲਦੀ ਉੱਠ ਕੇ ਸਾਫ ਕਰ ਅਖੰਡ ਪਾਠ ਧਰਾਉਂਣ ਲਈ ਸਜਾਇਆ ਹੋਇਆ ਸੀ। ਗ੍ਰੰਥੀ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪਾਠ ਕਰਨਾ ਸ਼ੁਰੂ ਕਰ ਦਿੱਤਾ ।
ਅਗਲੇ ਦਿਨ ਸ਼ਾਮ ਨੂੰ ਜੋਤ ਨੂੰ ਮਾਈਆਂ ਲੱਗਣ ਕਰਕੇ ਜੋਤ ਦੇ ਦੋਨੋ ਨਾਨਕੇ ਸਮੇ  ਸਿਰ ਆ ਗਏ। ਮਾਈਆਂ ਲੱਗਣ ਤੋਂ ਕੁੱਝ ਸਮੇ ਪਹਿਲਾ ਅੰਮ੍ਰਿਤ ਵੀ ਆਪਣੇ ਸੱਸ ਸੋਹਰੇ ਨਾਲ ਜੋਤ ਘਰ ਪਹੁੰਚ ਗਈ। ਜੋਤ ਨੇ ਆਪਣੇ ਮਾਈਏ ਵਾਲੇ ਦਿਨ ਪਿੱਲੇ ਰੰਗ ਦਾ ਸਾਧਾਰਨ ਪਲਾਜ਼ੋ ਸੂਟ ਪਾਇਆ ਹੋਇਆ c ਅਤੇ ਸਿਰ ਤੇ ਦੁਪੱਟਾ ਲਿਆ ਹੋਇਆ ਸੀ। ਬਾਹਰ ਵਹਿੜੇ ਵਿੱਚ ਲਾਗਣ ਵੱਲੋ ਬਹੁਤ ਵਧੀਆ ਚੋਂਕ ਹਲਦੀ ਅਤੇ ਆਟੇ ਨਾਲ ਪੂਰਿਆ

ਗਈਆਂ ਸੀ। 4 ਕੁ ਵਜੇ ਗੁਰਬਾਜ਼ ਅਤੇ ਜੋਤ ਦੇ ਮਾਮੇ ਦੇ ਮੁੰਡਿਆਂ ਨੇ ਲਿਆ ਕੇ ਜੋਤ ਨੂੰ ਚੋਂਕ ਤੇ ਰੱਖੀ ਫੱਟੀ ਤੇ ਬਿਠਾ ਦਿੱਤਾ ਅਤੇ ਜੋਤ ਦੀਆਂ ਮਾਮੀਆਂ ਨੇ ਫੁਲਕਾਰੀ ਜੋਤ ਦੇ ਉੱਪਰ ਖਿਲਾਰ ਕੇ ਚਾਰੋ ਕੋਨਿਆ ਤੋਂ ਫੜ ਲਈ। ਸਭ ਔਰਤਾਂ ਨੇ ਮਾਈਆਂ ਦੇ ਗੀਤ ਗਾ ਕੇ ਜੋਤ ਨੂੰ ਮਾਈਆਂ  ਲਾਉਣਾ ਸ਼ੁਰੂ ਕਰ ਦਿਤੇ । ਲਾਗਣ ਥਾਲੀ ਲੈ ਕੇ ਜਿਸ ਵਿੱਚ ਕੋਲੀ ਚ ਵੱਟਣਾ, ਖਬਲ (ਜਿਸ ਤੇ ਖਮਣੀ ਬੰਨ ਕੇ ਵੱਟਣਾ ਲਾਇਆ ਜਾਂਦਾ ਹੈ)   ਮੋਲੀ  ਅਤੇ ਕੁੱਝ ਪੈਸੇ ਲੈ ਕੇ ਜੋਤ ਕੋਲ ਖੜੀ ਸੀ। ਸਭ ਤੋਂ ਪਹਿਲਾ ਵੱਟਣਾ ਬਿੰਦਰ ਨੇ ਲਾਇਆ ਅਤੇ ਫਿਰ ਜੋਤ ਦੀ ਤਾਈਂ ਅਤੇ ਮਾਮੀਆਂ ਨੇ।ਅੰਮ੍ਰਿਤ ਨੇ ਜੋਤ ਦੀ ਸੱਜੀ ਬਾਂਹ ਦੇ ਗੁੱਟ ਤੇ ਗਾਨਾ ਬੰਨਿਆ ਅਤੇ ਗਾਨੇ ਨੂੰ 7 ਗੰਢਾ ਦਿੱਤੀਆਂ।। ਰਾਤ ਨੂੰ ਮਹਿੰਦੀ ਵਾਲੇ ਨੂੰ ਬੁਲਾ ਕੇ ਜੋਤ ਅਤੇ ਬਾਕੀ ਸਾਰੀਆਂ ਕੁੜੀਆਂ ਦੇ ਹੱਥਾਂ ਤੇ ਮਹਿੰਦੀ ਲਗਵਾਈ ।

ਮਨਪ੍ਰੀਤ ਨੇ ਕੈਟਰਿੰਗ ਵਾਲੇ ਕੀਤੇ ਹੋਣ ਕਰਕੇ ਰੋਟੀ ਦਾ ਇੰਤਜਾਮ ਘਰ ਵਿਚ ਓਹੀ ਕਰ ਰਹੇ ਸਨ । ਘਰ ਵਿਚ ਪੂਰੀ ਰੌਣਕ ਲੱਗੀ ਹੋਈ ਸੀ। ਬਿੰਦਰ ਜੋਤ ਦੀਆਂ ਮਾਮੀਆਂ ਨਾਲ ਮਿਲ ਕੇ ਸ਼ਗੁਨ ਦਾ ਸਮਾਂਨ ਇਕ ਬੈਗ ਵਿਚ ਪਾ ਰਹੀ ਸੀ ਕਿਓਂਕਿ  ਹਰਮਨ ਹੋਣਾ ਨੇ ਸਲਾਹ ਕੀਤੀ ਸੀ ਕੇ ਜੋਤ ਅਤੇ ਹਰਮਨ ਨੂੰ ਇਕੱਠਿਆਂ ਨੂੰ  ਹੀ ਸ਼ਗੁਨ ਲਗਾ ਦਿੱਤਾ ਜਾਵੇ । ਇਸ ਨਾਲ ਦੋਨਾਂ ਪਰਿਵਾਰ ਨੂੰ ਭੱਜ ਦੌੜ ਵੀ ਨਹੀਂ ਪਵੇਗੀ । ਇਸ ਲਈ ਹਰਮਨ ਦੇ ਪਰਿਵਾਰ ਨੇ ਪੈਲਸ ਬੁਕ ਕਰਵਾ ਲਿਆ ਸੀ ਅਤੇ ਬਿੰਦਰ ਨੂੰ ਕਹਿ ਦਿੱਤਾ ਸੀ ਕਿ ਤੁਸੀਂ ਵੀ ਜੋਤ ਅਤੇ ਬਾਕੀ ਰਿਸਤੇਦਾਰਾਂ ਨੂੰ ਲੈ ਆ ਜਾਇਓ।

ਮੈਟ੍ਰਿਕਸ ਸੈਲੂਨ ਤੋਂ ਜਾ ਕੇ ਜੋਤ ਅਤੇ ਅੰਮ੍ਰਿਤ ਦੋਨੋ ਹੀ ਤਿਆਰ ਹੋ ਆਈਆਂ । ਜੋਤ ਨੇ

ਪਿੰਕ ਕਲਰ ਦਾ ਲੰਮੇ ਕਮੀਜ਼ ਨਾਲ ਲਹਿੰਗਾ ਪਾਇਆ ਹੋਇਆ ਸੀ। ਜੋਤ ਦੀਆਂ ਬਾਹਾਂ ਵਿਚ ਗੋਲ੍ਡਰ ਕਲਰ ਦੀਆਂ ਚੂੜੀਆਂ ਅਤੇ ਖੁੱਲੇ ਛੱਡੇ ਘੁੰਗਰਾਲੇ ਵਾਲਾਂ ਵਿੱਚ ਬਹੁਤ ਜਿਆਦਾ ਸੋਹਣੀ ਲੱਗ ਰਹੀ ਸੀ। ਜੋਤ ਹੋਣੀ 11 ਕੁ ਵਜੇ ਪੈਲਸ ਚ ਪਹੁੰਚ ਗਏ। ਹਰਮਨ ਨੇ ਵਾਈਨ ਕਲਰ ਦਾ ਕੋਟ ਪੇਂਟ ਅਤੇ ਪਿੰਕ ਕਲਰ ਦੀ ਕਮੀਜ ਵਿਚ ਕਿਸੇ ਹੀਰੋ ਤੋਂ ਘੱਟ ਨਹੀਂ ਲੱਗ ਰਿਹਾ ਸੀ। ਦੋਨਾਂ ਦੀ ਜੋੜ ਨੂੰ ਦੇਖ ਕੇ ਸਾਰੇ ਸਿਫਤਾਂ ਕਰ ਰਹੇ ਸੀ। ਸਭ ਤੋਂ ਪਹਿਲਾ ਸਾਰਿਆਂ ਨੇ ਚਾਹ ਪੀਤੀ ਅਤੇ ਫਿਰ ਹਰਮਨ ਅਤੇ ਜੋਤ ਨੂੰ ਸਟੇਜ ਤੇ ਬਿਠਾ ਕੇ ਸ਼ਗੁਨ ਦੀਆ ਰਸਮਾਂ ਨਿਭਾਈਆਂ ਗਈਆਂ ।
ਬਾਅਦ ਵਿੱਚ ਹਰਮਨ,ਜੋਤ ਅਤੇ ਹਰਮਨ ਦੇ  ਪਰਿਵਾਰ ਨੇ ਡੀ. ਜੇ ਤੇ ਭੰਗੜਾ ਪਾਇਆ। ਖਾਣਾ ਖਾਣ ਤੋਂ ਬਾਅਦ ਬਿੰਦਰ ਹੋਣੀ ਹਰਮਨ ਦੇ ਪਰਿਵਾਰ ਤੋਂ ਵਿਦਾ ਲੈ ਕੇ ਘਰ ਆ ਗਏ ਕਿਓਂਕਿ ਅਗਲੇ ਦਿਨ ਸਵੇਰੇ ਜੋਤ ਨੇ  ਤੜਕੇ ਉੱਠ ਪਾਰਲਰ ਵਿਆਹ ਲਈ ਤਿਆਰ ਹੋਣ ਜਾਣਾ ਸੀ।

ਰਾਤ ਨੂੰ ਘਰ ਦੇ ਵਿਹੜੇ ਵਿੱਚ ਇਕ ਪਾਸੇ ਖਾਣੇ ਲਈ ਮੇਜ ਅਤੇ ਦੂਜੇ ਪਾਸੇ ਡੀ.ਜੇ ਲਗਾਏ ਗਏ। ਸਭ ਨੇ ਰਲ ਮਿਲ ਬਹੁਤ ਭੰਗੜਾ ਪਾਇਆ ਅਤੇ ਵਿੱਚੋ ਵਿੱਚ ਕਈ ਰੁਕ ਰੁਕ ਕੇ ਖਾਣਾ ਖਾਣ ਵੀ ਚਲੇ ਜਾਂਦੇ। ਜੋਤ ਅਤੇ ਅੰਮ੍ਰਿਤ ਦੇ ਇਕੋ ਜਹੇ ਭਗੜੇ ਦੇ ਸਟੈਪ ਕਰਦੀਆਂ ਨੇ ਸਭ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕੀਤਾ। ਸਾਰੇ ਰਿਸ਼ਤੇਦਾਰ ਇਹੀ ਕਹਿ ਰਹੇ ਸੀ ਕਿ ਇਹ ਦੋਨੋ ਸਹੇਲੀਆਂ ਘੱਟ ਭੈਣਾਂ ਜਿਆਦਾ ਲੱਗਦੀਆਂ ਨੇ।

ਬਿੰਦਰ ਜੋਤ ਅਤੇ ਅੰਮ੍ਰਿਤ ਨੂੰ ਬਾਂਹ ਤੋਂ ਫੜ ਕੇ ਅੰਦਰ ਲੈ ਗਈ ਅਤੇ ਬੋਲੀ ,"ਪੁੱਤ ਮਾਮੇ ਤੇਰੇ ਕਦੋ ਤੇ ਇੰਤਜ਼ਾਰ ਕਰ ਰਹੇ ਆ ਪਹਿਲਾ ਚੂੜਾ ਪਾਉਣ ਦੀ ਰਸਮ ਕਰ ਲਵੋ ਫਿਰ ਨੱਚ ਲਿਉ। ਜੋਤ ਦੇ ਮਾਮੀ ਨੇ ਪਰਾਤ ਵਿਚ ਕੱਚੀ ਲੱਸੀ ਅਤੇ ਕੁਝ ਗੁਲਾਬ ਦੀਆਂ ਪੰਖੜੀਆਂ ਪਾ ਕੇ ਪਰਾਤ ਕਮਰੇ ਚ ਥੱਲੇ ਚਾਦਰ ਵਿਛਾ ਉਸਤੇ ਰੱਖ ਦਿੱਤੀ। ਬਿੰਦਰ ਨੇ ਅਲਮਾਰੀ ਚੋ ਜੋਤ ਦਾ ਚੂੜਾ ਲਿਆ ਕੇ ਪਰਾਤ ਵਿੱਚ ਰੱਖ ਦਿੱਤਾ। ਜੋਤ ਦੇ ਇਕ ਪਾਸੇ ਓਹਦੇ ਪਹਿਲੇ ਮਾਮੇ ਅਤੇ ਦੂਜੇ ਪਾਸੇ ਦੂਜੇ ਮਾਮੇ(ਬਿੰਦਰ ਦਾ ਭਰਾ) ਬੈਠ ਗਏ। ਜੋਤ ਦੀਆਂ ਮਾਮੀਆਂ ਪਰਾਤ ਵਿਚੋਂ ਉਨ੍ਹਾਂ ਨੂੰ ਚੂੜੇ ਦੀਆਂ ਦੋ ਦੋ ਚੂੜੀਆਂ ਫੜਾਈ ਗਈਆਂ ਅਤੇ ਉਹ ਚੂੜੀਆਂ ਜੋਤ ਦੀਆਂ ਬਾਹਾਂ ਵਿੱਚ ਪਈ ਗਏ। ਪੂਰਾ ਚੂੜਾ ਪਾਉਣ ਤੋਂ ਬਾਅਦ ਉਨ੍ਹਾਂ ਨੇ 1000 -1000 ਦੇ ਨੋਟ ਜੋਤ ਦੀ ਝੋਲੀ ਪਾ ਦਿੱਤੇ।ਫੋਟੋਗ੍ਰਾਫਰ ਨੇ ਉਨ੍ਹਾਂ ਦੀਆਂ ਕੁਝ ਫੋਟੋਆਂ ਖਿੱਚੀਆਂ ਅਤੇ ਫਿਰ ਸਾਰੇ ਜਾਣੇ ਭੰਗੜਾ ਪਾਉਣ ਲਈ ਕਮਰੇ ਚੋ ਬਾਹਰ ਨਿਕਲ ਗਏ।੧੧ ਕੁ ਵਜੇ ਮਨਪ੍ਰੀਤ ਨੇ ਡੀ.ਜੇ ਬੰਦ ਕਰਵਾ ਕੇ ਸਭ ਨੂੰ ਸੌਣ ਲਈ ਕਹਿ ਦਿੱਤਾ ।

ਅੰਮ੍ਰਿਤ ਜੋਤ ਦੇ ਨਾਲ ਉਸਦੇ ਕਮਰੇ ਚ ਸੌਣ ਚਲੇਗੀ । ਬਾਕੀ ਦੇ ਆਏ ਰਿਸ਼ਤੇਦਾਰ ਵੀ ਸਾਰੇ ਕਮਰਿਆਂ ਵਿੱਚ ਅਤੇ ਕੁੱਝ ਲੋਬੀ ਚ ਥੱਲੇ ਗੱਦੇ ਵਿਛਾ ਕੇ ਸੌ ਗੇ।

ਸਵੇਰੇ ਚਾਰ ਵਜੇ ਬਿੰਦਰ ਨੇ ਜੋਤ ਨੂੰ ਉਠਾਉਂਦਿਆਂ ਬੋਲੀ ,"ਪੁੱਤ ਉੱਠ ,ਤੇਰੇ ਮਾਮੇ ਵੀ ਉੱਠ ਗਏ ਆ।" ਨਹਾ ਲਾ ਉੱਠ ਕੇ। ਠੀਕ ਹੈ ਮੰਮਾ,ਜੋਤ ਅੱਖਾਂ ਮੱਲਦੀ ਉੱਠਦੀ ਹੋਈ ਬੋਲੀ। ਜੋਤ ਨੇ ਆਪਣੇ ਨਾਲ ਸੁੱਤੀ ਅੰਮ੍ਰਿਤ ਨੂੰ ਵੀ ਆਵਾਜ਼ ਮਾਰ ਉਠਾ ਲਿਆ ਅਤੇ ਆਪ ਆਪਣੇ ਕੱਪੜੇ ਚੱਕ ਕੇ ਬਾਥਰੂਮ ਚ ਨਹਾਉਣ ਚਲੇ ਗਈ। ਜਦੋ ਜੋਤ ਨੇ ਨਹਾ ਕੇ ਬਾਥਰੂਮ ਦਾ ਦਰਵਾਜਾ ਖੋਲਿਆ ਤਾਂ ਜੋਤ ਦੇ ਪਹਿਲੇ ਮਾਮੇ(ਜਸਨੀਤ ਦਾ ਭਰਾ) ਨੇ ਜੋਤ ਦਾ ਹੱਥ ਫੜ ਉਂਗਲ ਵਿੱਚ ਸੋਨੇ ਦੀ ਛਾਪ ਅਤੇ ਦੂਜੇ ਮਾਮੇ(ਬਿੰਦਰ ਦਾ ਭਰਾ) ਨੇ ਸੋਨੇ ਦੇ ਚੇਨ ਗਲ ਵਿੱਚ ਪਾ ਦਿੱਤੀ। ਫੋਟੋਗ੍ਰਾਫਰ ਨੇ ਦੋਨੋ ਮਾਮਿਆਂ ਨਾਲ ਜੋਤ ਦੀ ਫੋਟੋ ਖਿੱਚੀ। ਜੋਤ ਦਾ ਮਾਮਾ

ਜੋਤ ਨੂੰ ਗੋਦੀ ਚ ਚੱਕ ਕੇ ਕਮਰੇ ਚ ਛੱਡ ਆਇਆ।

6 ਕੁ ਵਜੇ ਜੋਤ ਅਤੇ ਅੰਮ੍ਰਿਤ  ਆਪਣੇ ਮਾਮੇ ਦੀ ਮੁੰਡੇ ਨਾਲ ਮੈਟਰੀਕਸ ਵਾਲਿਆਂ ਦੇ ਸਲੂਨ ਤਿਆਰ ਹੋਣ ਲਈ ਚਲੇ ਗਈ। ਸਲੂਨ ਵਾਲਿਆਂ ਨੇ ਜੋਤ ਨੂੰ ਬਹੁਤ ਸੋਹਣੇ ਢੰਗ ਨਾਲ ਤਿਆਰ ਕੀਤਾ। ਜੋਤ ਨੇ ਲਾਲ ਰੰਗ ਦਾ ਲਹਿੰਗਾ ਪਾਇਆ ਹੋਇਆ ਸੀ । ਜਦੋ ਜੋਤ ਤਿਆਰ ਹੋ ਕੇ ਪੈਲਸ ਚ ਆਈ ਤਾਂ ਜੋਤ ਵੱਲ ਦੇਖ ਸਭ ਦੇ ਮੂੰਹ ਅੱਡੇ ਦੇ ਅੱਡੇ ਰਹਿ ਗਏ। ਜੋਤ ਦੀ ਦੂਜੀ ਨਾਨੀ(ਬਿੰਦਰ ਦੀ ਮੰਮੀ) ਨੇ ਇੰਦਰਜੀਤ ਨੂੰ ਆਵਾਜ਼ ਲਗਾ ਕੇ ਕੋਲ ਆਉਣ ਨੂੰ ਕਿਹਾ । ਜਦੋ ਬਿੰਦਰ ਕੋਲ ਆਈ ਤਾਂ ਜੋਤ ਦੀ ਨਾਨੀ ਨੇ ਬੋਲੀ ," ਬਾਹਲੀ ਸੋਹਣੀ ਲੱਗ ਰਹੀ ਆ ਕੁੜੀ ,ਕੀਤੇ ਨਜ਼ਰ ਨਾ ਲੱਗਜੇ।" ਜਾਹ ਜਾ ਕੇ ਕਾਲਾ ਟਿੱਕਾ ਲਾ। ਜਿਵੇ ਸਾਰੇ ਅੱਖਾਂ ਅੱਡ ਕੇ ਦੇਖ ਰਹੇ ਨੇ ਕੁੜੀ ਨੂੰ ਨਜ਼ਰ ਲੱਗ ਜਾਣੀ ਆ। ਬਿੰਦਰ ਨੇ ਫਟਾਫਟ ਜਾ ਕੇ ਕਾਜਲ ਨਾਲ ਕਾਲਾ ਟਿੱਕਾ ਜੋਤ ਦੇ ਕੰਨ ਦੇ ਮਗਰ ਲਗਾ ਦਿੱਤਾ।

10 ਕੁ ਵਜੇ ਬਰਾਤ ਪੈਲਸ  ਵਿੱਚ ਆ ਗਈ। ਹਰਮਨ ਨੇ ਸੁਰਮੇ ਰੰਗ ਦਾ ਕੋਟ ਪੇਂਟ,ਚਿੱਟੇ ਰੰਗ ਦੀ ਕਮੀਜ਼ ,ਲਾਲ ਰੰਗ ਦੀ ਟਾਈ ਅਤੇ ਲਾਲ ਰੰਗ ਦੀ ਪੱਗ ਚ ਬਹੁਤ ਸੋਹਣਾ ਲੱਗ ਰਿਹਾ ਸੀ।ਸਭ ਤੋਂ ਪਹਿਲਾ ਗ੍ਰੰਥੀ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਫਿਰ ਮਿਲਣੀ ਦੀ ਰਸਮ ਸ਼ੁਰੂ ਹੋ ਗਈ।ਮਿਲਣੀ ਤੋਂ ਬਾਅਦ  ਗੁਰਨਾਜ਼ ਅਤੇ ਕੁੱਝ ਹੋਰ ਕੁੜੀਆਂ ਨੇ ਪੈਲਸ ਦੇ ਹਾਲ ਦੇ ਦਰਵਾਜੇ ਤੇ ਲਾਲ ਰੰਗ ਦਾ ਰਿਬਨ ਲਗਾ  ਜਿਸਤੇ ਲਿਖਿਆ ਹੋਇਆ ਸੀ ਸਾਲੀਆਂ ਦਾ ਨਾਕਾ ਲੈ ਕੇ ਹਰਮਨ ਤੇ ਸਾਰੀ ਬਰਾਤ ਨੂੰ ਰੋਕ ਲਿਆ। ਹਰਮਨ ਨੇ ਗੁਰਨਾਜ਼ ਨੂੰ ਬਿਨਾ ਕੁੱਝ ਬੋਲੇ 5100 ਰੁਪਏ ਮੰਗਣ ਤੇ ਫੜਾ ਦਿੱਤੇ। ਗੁਰਨਾਜ਼ ਨੇ ਪਲੇਟ ਵਿੱਚੋ ਬਰਫੀ ਦਾ ਪੀਸ ਚੱਕ ਕੇ ਹਰਮਨ ਦੇ ਮੂੰਹ ਵਿਚ ਪਾ ਉਸਦਾ ਮੂੰਹ ਮੀਠਾ ਕਰਵਾਇਆ ਅਤੇ ਕੈਂਚੀ ਫੜਾ ਕੇ ਬੋਲੀ ,"ਕੱਟ ਦੋ ਰਿਬਨ ਭਾਜੀ।" ਹਰਮਨ ਨੇ ਰਿਬਨ ਕੱਟਿਆ ਅਤੇ ਸਾਰੀ ਬਰਾਤ ਪੈਲਸ ਦੇ ਹਾਲ ਵਿੱਚ ਵੜ ਗਈ।

12 ਵਜੇ ਤੋਂ ਪਹਿਲਾ ਫੇਰੇ ਕਰਨ ਦਾ ਸੋਚ ਕੇ ਬਾਕੀ ਬਰਾਤ ਪੈਲਸ ਵਿਚ ਰਹਿ ਗਈ। ਹਰਮਨ ਅਤੇ ਜੋਤ ਦੇ ਮਾਤਾ ਪਿਤਾ ਅਤੇ ਕੁੱਝ ਹੋਰ ਰਿਸ਼ਤੇਦਾਰ ਪੈਲਸ ਦੇ ਨੇੜੇ ਹੀ ਗੁਰੂਦਵਾਰਾ ਸਾਹਿਬ ਫੇਰੇ ਕਰਨ ਚਲੇ ਗਏ। ਹਰਮਨ ਅਤੇ ਜੋਤ ਨੇ ਜੋੜਾ ਘਰ ਵਿੱਚ ਜੋੜੇ ਉਤਾਰ ਕੇ ਟੂਟੀ ਤੋਂ ਹੱਥ ਧੋਤੇ ਅਤੇ ਪਹਿਲਾ ਹਰਮਨ ਗੁਰੂਘਰ ਅੰਦਰ ਜਾ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਰੁਮਾਲਾ ਸਾਹਿਬ ਰੱਖ ਮੱਥਾ ਟੇਕ ਕੇ ਗੁਰੂ ਗਰੰਥ ਸਾਹਿਬ ਅੱਗੇ ਬੈਠ ਗਿਆ। ਥੋੜੇ ਸਮੇ ਬਾਅਦ ਬਿੰਦਰ ਅਤੇ ਅੰਮ੍ਰਿਤ ਵੀ ਜੋਤ ਨੂੰ ਅੰਦਰ ਲੈ ਆਏ। ਜੋਤ ਵੀ ਰੁਮਾਲਾ ਸਾਹਿਬ ਗੁਰੂ ਗਰੰਥ ਸਾਹਿਬ ਅੱਗੇ ਰੱਖ ਮੱਥਾ ਟੇਕ ਹਰਮਨ ਦੇ ਨਾਲ ਬੈਠ ਗਈ। ਜਦੋ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਗ੍ਰੰਥੀ ਸਿੰਘ ਦੇ ਕਹਿਣ ਤੇ ਮਨਪ੍ਰੀਤ ਨੇ ਹਰਮਨ ਦਾ ਪੱਲਾ ਜੋਤ ਦੇ ਹੱਥ ਵਿੱਚ ਫੜਾਇਆ ਤਾਂ ਮਨਪ੍ਰੀਤ ਅਤੇ ਜੋਤ ਦੋਨਾਂ ਦੀਆਂ ਅੱਖਾਂ ਭਰ ਆਈਆ। ਬਿੰਦਰ ਨੇ ਇਸ਼ਾਰੇ ਨਾਲ ਜੋਤ ਦੀ ਮਾਮੀ ਅਤੇ ਅੰਮ੍ਰਿਤ ਨੂੰ ਜੋਤ ਦੇ ਕੋਲ ਬੈਠਣ ਨੂੰ ਬੋਲੀ । ਗ੍ਰੰਥੀ ਸਿੰਘ ਨੇ ਲਾਵਾਂ ਪੜ੍ਹੀਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਚ ਜੋਤ ਅਤੇ ਹਰਮਨ ਚਾਰ ਲਾਵਾਂ ਲੈ ਕੇ ਜ਼ਿੰਦਗੀ ਭਰ ਲਈ ਇੱਕ ਦੂਜੇ ਦੇ ਲੜ ਲੱਗ ਗਏ। ਦੋਨਾਂ ਪਰਿਵਾਰਾਂ ਨੇ ਇੱਕ ਦੂਜੇ ਨੂੰ ਵਧਾਈ ਦਿੱਤੀ ਅਤੇ ਕਾਰਾਂ ਤੇ ਬੈਠ ਕੇ ਪੈਲਸ ਵਾਪਸ ਆ ਗਏ।

ਪੈਲਸ ਪਹੁੰਚ ਕੇ ਪਹਿਲਾ ਦੋਨਾਂ ਪਰਿਵਾਰਾਂ ਨੇ ਮਿਠਾਈ ਅਤੇ ਪਕੋੜੇ ਖਾਧੇ ਅਤੇ ਫਿਰ ਫੋਟੋਗ੍ਰਾਫਰ ਜੋਤ ਅਤੇ ਹਰਮਨ ਨੂੰ ਫੋਟੋ ਕਰਵਾਉਣ ਲਈ ਬਾਹਰ ਪਾਰਕ ਵਿਚ ਲੈ ਗਿਆ। ਕੁੱਝ ਦੇਰ ਬਾਅਦ ਜੋਤ ਅਤੇ ਹਰਮਨ ਇੱਕ ਦੂਜੇ ਦਾ ਹੱਥ ਫੜੀ ਬੈਂਡ ਵਾਜਿਆਂ ਵਾਲਿਆਂ ਦੇ ਮਗਰ ਹੋਲੀ ਹੋਲੀ ਤੁਰ ਕੇ ਸਟੇਜ ਤੇ ਆ ਕੇ ਸੋਫੇ ਉਪਰ ਬੈਠ ਗਏ ।ਇੱਕ ਪਾਸੇ ਸਟੇਜ ਤੇ ਪੰਜਾਬੀ ਵਿਰਸਾ ਗਰੁੱਪ ਵਾਲੇ ਮੁੰਡੇ-ਕੁੜੀਆਂ ਭੰਗੜਾ ਪਾ ਨੱਚ ਰਹੇ ਸਨ ਅਤੇ ਦੂਜੇ ਪਾਸੇ ਸਾਰੇ ਰਿਸ਼ਤੇਦਾਰ ਸੋਫੇ ਤੇ ਬੈਠੀ ਹਰਮਨ ਜੋਤ ਦੀ ਜੋੜੀ ਨੂੰ ਸ਼ਗੁਨ ਪਾ ਰਹੇ ਸਨ।

ਸਟੇਜ ਸੈਕਟਰੀ ਦੇ ਕਹਿਣ ਤੇ ਵਿਆਹ ਵਾਲੀ ਜੋੜੀ ਲਈ ਗਾਣਾ ਲਗਾਇਆ ਗਿਆ ਅਤੇ ਹਰਮਨ-ਜੋਤ ਨੂੰ ਭੰਗੜਾ ਪਾਉਣ ਲਈ ਨਿਵੇਦਨ ਕੀਤਾ। ਹਰਮਨ-ਜੋਤ ਨੂੰ ਪਰਮਜੀਤ ਅਤੇ ਕੁੱਝ ਰਿਸ਼ਤੇਦਾਰਾਂ ਨੇ ਸਟੇਜ ਤੋਂ ਥੱਲੇ ਉਤਾਰ ਕੇ ਲੈ ਆਂਦਾ ਅਤੇ ਸਭ ਨੇ ਖ਼ੂਬ ਭੰਗੜਾ ਪਾਇਆ।

ਕੁੱਝ ਦੇਰ ਭੰਗੜਾ ਪਾਉਣ ਤੋਂ ਬਾਅਦ ਪਰਮਜੀਤ ਹਰਮਨ ਅਤੇ ਜੋਤ ਨੂੰ ਖਾਣੇ ਵਾਲੇ ਮੇਜ ਕੋਲ ਕੁਰਸੀਆਂ ਤੇ ਜਾ ਕੇ ਬਿਠਾ ਦਿੱਤਾ।ਸਭ ਨੇ ਖਾਣਾ ਖਾਧਾ ਅਤੇ ਪਰਮਜੀਤ ਨੇ ਆਪਣੇ ਕੋਲ ਬੈਠੀ ਬਿੰਦਰ ਨੂੰ ਬੋਲੀ ," ਹੁਣ ਡੋਲੀ ਤੋਰੋ।" ਧੁੰਦ ਪੈਣ ਲੱਗ ਜਾਣੀ ਆ,ਸਮੇ ਸਿਰ ਤੁਰ ਪਈਐ ਤਾਂ ਚੰਗਾ ਹੈ। ਬਿੰਦਰ ਉੱਠਣ ਹੀ ਲੱਗੀ ਸੀ ਕਿ ਪਰਮਜੀਤ ਨੇ ਆਵਾਜ਼ ਮਾਰ ਕੇ ਬੋਲੀ ," ਗੁਰਨਾਜ਼ ਨੂੰ ਬੁਲਾ ਕਿੱਥੇ ਆ ?" ਹਰਮਨ ਓਹਦੇ ਸ਼ਾਪ ਪਾ ਦਵੇ।

"ਹੁਣੇ ਬੁਲਾਉਂਦੀ ਹਾਂ,ਦੀਦੀ",ਬਿੰਦਰ ਬੋਲ ਕੇ ਤੁਰ ਪਈ।

ਬਿੰਦਰ ਨੇ ਗੁਰਨਾਜ਼ ਨੂੰ ਲਿਆ ਕੇ ਹਰਮਨ ਦੇ ਨਾਲ ਵਾਲੀ ਕੁਰਸੀ ਤੇ ਬਿਠਾ ਦਿੱਤਾ। ਪਰਮਜੀਤ ਸੋਨੇ ਦੀ ਸ਼ਾਪ ਹਰਮਨ ਨੂੰ ਫੜਾਉਂਦੇ ਹੋਏ ਬੋਲੀ ,"ਪੁੱਤ ਆ,ਗੁਰਨਾਜ਼ ਦੀ ਉਂਗਲ ਚ ਪਾ ਦੇ।"ਹਾਂਜੀ ਮੰਮੀ ਕਹਿ,ਹਰਮਨ ਨੇ ਸ਼ਾਪ ਫੜ ਗੁਰਨਾਜ਼ ਦੀ ਉਂਗਲ ਚ ਪਾ ਦਿੱਤੀ।

ਇਨ੍ਹੇ ਨੂੰ ਮਨਪ੍ਰੀਤ ਅਤੇ ਹਰਮਨ ਦੇ ਪਾਪਾ ਆ ਕੇ ਡੋਲੀ ਤੋਰਨ ਲਈ ਬੋਲਣ ਲੱਗੇ .......

ਇਹ ਸੁਣ ਕੇ ਬਿੰਦਰ ਨੇ ਅੱਖਾਂ ਭਰ ਲਈਆਂ । ਪਰਮਜੀਤ ਜੋਤ ਅਤੇ ਹਰਮਨ ਨੂੰ ਉੱਠਣ ਲਈ ਕਹਿੰਦੀ ਹੈ ਅਤੇ ਬਿੰਦਰ ਲਾਗਣ ਨੂੰ ਅਵਾਜ ਮਾਰ ਕੇ ਚੌਲਾ ਦਾ ਥਾਲ ਲੈ ਕੇ ਆਉਣ ਲਈ ਕਹਿੰਦੀ ਹੈ। ਮਨਪ੍ਰੀਤ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਜੋਤ ਨੂੰ ਕਲਾਵੇ ਵਿੱਚ ਲੈ ਕੇ ਪੈਲਸ ਦੇ ਹਾਲ ਦੇ ਦਰਵਾਜੇ ਤੱਕ ਲੈ ਕੇ ਆਉਂਦਾ ਹੈ।

ਬਿੰਦਰ ਨੇ ਜੋਤ ਨੂੰ ਹੰਝੂਆਂ ਨਾਲ ਭਰੀਆਂ ਅੱਖਾਂ ਅਤੇ ਭਰੇ ਹੋਏ ਮੰਨ ਨਾਲ ਦਰਵਾਜੇ ਦੇ

ਇਕ ਪਾਸੇ ਖੜੀ ਲਾਗਣ ਦੇ ਹੱਥ ਵਿੱਚਲੀ ਥਾਲੀ ਵੱਲ ਇਸ਼ਾਰਾ ਕਰਦੇ ਹੋਏ ਬੋਲੀ ,"ਪੁੱਤ,ਦੋਨਾਂ ਹੱਥਾਂ ਨਾਲ ਸੱਤ ਵਾਰੀ ਚੋਲ਼ਾ ਦੀ ਬੁੱਕ ਭਰ ਕੇ ਆਪਣੇ ਸਿਰ ਉਪਰੋਂ ਦੀ ਪਿੱਛੇ ਸੁੱਟ।" ਜੋਤ ਦੀਆਂ ਅੱਖਾਂ ਚੋ ਹੰਝੂ ਗੱਲ੍ਹਾਂ ਰਾਹੀਂ ਹੇਠਾਂ ਟੱਪਕ ਰਹੇ ਸਨ ਅਤੇ ਬਿੰਦਰ ਦੀ ਗੱਲ ਸੁਣਦਿਆਂ ਹੀ ਉਸਨੇ ਚੋਲ਼ਾਂ ਦੀ ਭਰੀ ਥਾਲੀ ਵਿਚੋਂ 7 ਵਾਰ ਚੋਲ਼ਾਂ ਦੀ ਬੁੱਕ ਭਰ ਕੇ ਆਪਣੇ ਸਿਰ ਤੋਂ ਸੁੱਟ ਕੇ ਬਿੰਦਰ ਦੇ ਗੱਲ ਨਾਲ ਲੱਗ ਕੇ ਰੌਣ ਲੱਗ ਗਈ। ਮਨਪ੍ਰੀਤ ਨੇ ਭਰੀਆਂ ਅੱਖਾਂ ਨਾਲ ਬਿੰਦਰ ਅਤੇ ਜੋਤ ਦੋਨਾਂ ਨੂੰ ਆਪਣੀਆਂ ਦੋਨਾਂ ਬਾਹਾਂ ਨਾਲ ਘੁੱਟ ਕੇ ਜੱਫੀ ਪਾ ਲਈ। ਆਪਣੇ ਮੰਮੀ ਪਾਪਾ ਅਤੇ ਜੋਤ ਨੂੰ ਰੌਂਦੇ ਦੇਖ ਗੁਰਨਾਜ਼ ,ਗੁਰਬਾਜ ਵੀ ਰੌਣ ਲੱਗ ਗਏ।

ਸਭ ਨੂੰ ਰੌਂਦੇ ਦੇਖ ਕੇ  ਜੋਤ ਦੇ ਮਾਮੇ ਨੇ ਮਨਪ੍ਰੀਤ ਅਤੇ ਬਿੰਦਰ ਨੂੰ ਦੱਬਕਾ ਮਾਰਦੇ ਹੋਏ ਬੋਲਣ ਲੱਗੇ ," ਬਸ ਕਰੋ ਕਿਓਂ ਕਮਲੇ ਹੋਈ ਜਾਂਦੇ ਹੋ ਰੋ ਰੋ ਕੇ ।" ਕੁੜੀ ਨੇ ਇਥੇ ਹੀ ਰਹਿਣਾ ਆ ਤੁਹਾਡੇ ਕੋਲ।

ਜੋਤ ਦੇ ਮਾਮੇ ਨੇ ਹਰਮਨ ਨੂੰ ਕਾਰ ਵਿਚ ਬੈਠਣ ਦਾ ਇਸ਼ਾਰਾ ਕੀਤਾ। ਸਭ ਪਰਿਵਾਰਿਕ ਜੀਆ ਨੂੰ ਮਿਲ ਕੇ ਜੋਤ ਦੇ ਮਾਮੇ ਨੇ ਜੋਤ ਨੂੰ ਵੀ ਕਾਰ ਵਿੱਚ ਹਰਮਨ ਨਾਲ ਬਿਠਾ ਦਿੱਤਾ। ਪਰਮਜੀਤ ਹਰਮਨ ਅਤੇ ਜੋਤ ਨਾਲ ਕਾਰ ਦੀ ਪਿਛਲੀ ਸੀਟ ਤੇ ਬੈਠ ਗਈ ।

ਜੋਤ ਨੂੰ  ਰੌਂਦੀ ਨੂੰ ਦੇਖ ਹਰਮਨ ਨੇ ਜੋਤ ਦਾ ਹੱਥ ਆਪਣੇ ਹੱਥ ਵਿੱਚ ਘੁੱਟ ਕੇ ਜੋਤ ਦੇ ਕੰਨ ਕੋਲ ਮੂੰਹ ਕਰਕੇ ਕਹਿਣ ਲੱਗਾ ,"ਯਾਰ ਚੁੱਪ ਕਰਜਾ,ਤੂੰ ਇਵੇ ਰੋ ਰਹੀ ਆ ਜਿਵੇਂ ਤੇਰਾ ਅਸੀਂ ਕਿਡਨੇਪ ਕਰ ਤੈਨੂੰ ਧੱਕੇ ਨਾਲ ਲਿਜਾ ਰਹੇ ਹਾਂ।" ਹਰਮਨ ਦੀ ਗੱਲ ਸੁਣ ਕੇ ਜੋਤ ਦਾ ਹਾਸਾ ਨਿੱਕਲ ਗਿਆ ਪਰ ਹਰਮਨ ਨੇ ਫਿਰ ਮਜਾਕੀਆ ਲਿਹਜੇ ਚ ਜੋਤ ਨੂੰ ਬੋਲਿਆ ,"ਦੇਖ ਲਾ ਜੇ ਨਹੀਂ ਜਾਣਾ ਤਾਂ ,ਅਜੇ ਵੀ ਸਮਾਂ ਆ ਤੈਨੂੰ ਛੱਡ ਜਾਏ ਹਾਂ ਇਥੇ।" ਜੋਤ ਨੇ ਨਾਂਹ ਚ ਸਿਰ ਹਿਲਾ ਦਿੱਤਾ।

ਚੱਲ! ਫਿਰ ਚੁੱਪ ਕਰ ਜਾ,,,,15 ਦਿਨਾਂ ਦੀ ਗੱਲ  ਆ ਬਸ,ਫਿਰ ਤੂੰ ਮੁੜ ਇੱਥੇ ਹੀ ਆਉਣਾ ਆ,ਹਰਮਨ ਨੇ ਜੋਤ ਨੂੰ ਚੁੱਪ ਕਰਵਾਂਦੇ ਹੋਏ ਬੋਲਿਆ। ਮਨਪ੍ਰੀਤ ਨੂੰ ਮਿਲ ਕੇ  ਹਰਮਨ ਦੇ ਪਾਪਾ ਨੇ ਡਰਾਈਵਰ ਦੇ ਨਾਲ ਵਾਲੀ ਸੀਟ ਤੇ ਬੈਠ ਦੇ ਹੋਏ ਸਭ ਰਿਸ਼ਤੇਦਾਰਾਂ  ਨੂੰ ਦੋਨੋ ਹੱਥ ਉੱਪਰ ਵੱਲ ਨੂੰ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਅਤੇ ਡਰਾਈਵਰ ਨੂੰ ਕਾਰ ਚਲਾਉਣ ਦਾ ਇਸ਼ਾਰਾ ਕੀਤਾ।ਡੋਲੀ ਤੁਰਨ ਤੋਂ ਬਾਅਦ ਬਿੰਦਰ ਹੋਣੀ ਅਤੇ ਬਾਕੀ ਰਿਸ਼ਤੇਦਾਰ ਆਪਣੇ ਆਪਣੇ ਘਰ ਨੂੰ ਵਾਪਸ ਆ ਗਏ।

ਦੂਜੇ ਪਾਸੇ ਜਦੋ ਡੋਲੀ ਵਾਲੀ ਕਾਰ ਹਰਮਨ ਦੀ ਘਰ ਦੇ ਗੇਟ ਦੇ ਮੋਹਰੇ ਜਾ ਕੇ ਖੜ੍ਹੀ ਹੋਈ ਤਾਂ ਬੈਂਡ ਵਜੇ ਵਾਲਿਆਂ ਨੇ ਆਪਣੇ ਬੈਂਡ ਵਜਾਉਣੇ ਸ਼ੁਰੂ ਕਰ ਦਿੱਤੇ। ਹਰਮਨ ਦੀ ਮੰਮੀ ਕਾਰ ਵਿੱਚੋ ਨਿਕਲ ਕੇ ਘਰ ਦੇ ਅੰਦਰ ਰਸੋਈ ਚ ਜਾ ਕੇ ਪਾਣੀ ਵਾਰਨ ਦੀਆਂ ਤਿਆਰੀਆਂ ਕਰਨ ਲੱਗ ਗਈ । ਹਰਮਨ ਅਤੇ ਜੋਤ ਜਦੋ ਕਾਰ ਚੋ ਨਿਕਲਣ ਲੱਗੇ ਤਾਂ ਹਰਮਨ ਦੇ ਤਾਏ ਦਾ ਮੁੰਡੇ ਨੇ ਕਾਰ ਦੀ ਤਾਕੀ ਬੰਦ ਕਰਦੇ ਹੋਏ ਬੋਲਿਆ ," ਨਾ ਵੀਰੇ ਇੱਦਾਂ ਸੁਕੇ ਨਹੀਂ ਨਿਕਲਣ ਦੇਣਾ।" ਪਹਿਲਾ ਮੇਰੇ ਹੱਥਾਂ ਤੇ 5100 ਰੁਪਿਆ ਸ਼ਗੁਨ ਦੇ ਧਰੋ ਫਿਰ ਭਾਬੀ ਨੂੰ ਲੈ ਕੇ ਨਿਕਲਣ ਦੇਵੇਗਾਂ, ਨਹੀਂ ਤਾਂ ਰਹੋ ਅੰਦਰ ਹੀ। ਹਰਮਨ ਦੀ ਮੰਮੀ ਮਿੱਠੇ ਜਲ ਦੀ ਭਰੀ ਗੜਵੀ ਵਿੱਚ ਪੀਪਲ ਦੇ ਪੱਤੇ,ਨੇਤਰਾਂ,ਅਤੇ ਲੱਡੂ ਥਾਲ ਵਿੱਚ  ਰੱਖ ਕੇ,ਹੱਥਾਂ ਵਿੱਚ ਥਾਲ ਫੜੀ ਘਰ ਦੇ ਗੇਟ ਕੋਲ ਆ ਕੇ ਖੁਸ਼ ਹੁੰਦੇ ਹੋਏ ਹਰਮਨ ਦੇ ਪਾਪਾ ਨੂੰ ਬੋਲੀ,"ਦੇ ਜੀ ਸ਼ਗੁਨ,ਜਿਨ੍ਹਾਂ ਮੁੰਡਾ ਮੰਗਦਾ ਹੈ।" ਆਪਣੀ ਧੀ ਰਾਣੀ ਨੂੰ ਅੰਦਰ ਵਾੜੀਏ।

ਹਰਮਨ ਦੇ ਪਾਪਾ ਨੇ ਆਪਣੇ ਬਟੂਏ ਚੋ 5100 ਰੁਪਏ ਕੱਢ ਕੇ ਆਪਣੇ ਭਤੀਜੇ ਨੂੰ ਫੜਾਉਂਦੇ ਹੋਏ ਬੋਲਿਆ ," ਆਹ ਲੈ ਫੜ ਪੁੱਤਰਾਂ ਆਪਣਾ ਬਣਦਾ ਸ਼ਗੁਨ ਅਤੇ ਨਿਕਲਣ ਦੇ ਬਾਹਰ ਸਾਡੇ ਧੀ ਪੁੱਤ ਨੂੰ।"

ਹਰਮਨ ਦੇ ਚਾਚੇ ਦੇ ਮੁੰਡੇ ਨੇ ਕਾਰ ਦੀ ਤਾਕੀ ਖੋਲੀ ਅਤੇ ਹਰਮਨ ਅਤੇ ਜੋਤ ਵਾਰੋ ਵਾਰੀ ਕਾਰ ਚੋ ਉੱਤਰ  ਬਾਹਰ ਨਿੱਕਲ ਕੇ ਗੇਟ ਦੇ ਕੋਲ ਖੜ੍ਹ ਗਏ। ਹਰਮਨ ਦੀਆਂ

ਭੂਆ,ਮਾਸੀਆਂ ਅਤੇ ਕੁਝ ਹੋਰ ਰਿਸ਼ਤੇਦਾਰਾਂ ਨੇ ਗਾਣਾ .......

ਅੰਦਰੋ ਨਿਕਲ ਬੰਨੇ ਦੀਏ ਮਾਏਂ,

ਬੰਨਾ ਤੇਰਾ ਬਾਹਰ ਖੜ੍ਹਾ।

ਪਾਣੀ ਵਾਰ ਬੰਨੇ ਦੀਏ ਮਾਏਂ,

ਬੰਨਾ ਤੇਰਾ ਬਾਹਰ ਖੜ੍ਹਾ।

ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ,

ਬੰਨਾ ਤੇਰਾ ਬਾਹਰ ਖੜ੍ਹਾ।

ਗਾਉਣਾ ਸ਼ੁਰੂ ਕਰ ਦਿੱਤਾ।

ਹਰਮਨ ਦੀ ਮੰਮੀ ਨੇ ਪਹਿਲਾ ਗੇਟ ਦੇ ਦੋਨਾਂ ਪਾਸੇ ਸਰੋਂ ਦਾ ਤੇਲ ਚੋਂਦੀ ਹੈ ਅਤੇ ਫਿਰ 6 ਵਾਰੀ ਮਿੱਠੇ ਪਾਣੀ ਵਾਲੀ ਗੜਵੀ ਹਰਮਨ ਜੋਤ ਦੀ ਜੋੜੀ ਤੋਂ ਵਾਰ ਕੇ ਮੀਠਾ ਪਾਣੀ ਪੀਣ ਲੱਗਦੀ ਹੈ ਪਰ ਹੈ ਵਾਰ ਹਰਮਨ ਆਪਣੀ ਮੰਮੀ ਨੂੰ ਪਾਣੀ ਪੀਣ ਤੋਂ ਰੋਕ ਦਿੰਦਾ ਹੈ। ਸੱਤਵੀ ਵਾਰ ਹਰਮਨ ਦੀ ਮੰਮੀ ਹਰਮਨ ਜੋਤ ਤੋਂ ਪਾਣੀ ਵਾਰ ਪੀ ਜਾਂਦੀ ਹੈ ਅਤੇ ਹਰਮਨ ਜੋਤ ਦਾ ਲੱਡੂ ਖਵਾ ਕੇ ਮੂੰਹ ਮੀਠਾ ਕਰਦੀ ਹੈ।

ਪਾਣੀ ਵਾਰ ਕੇ ਵਿਆਂਦੜ ਜੋੜੇ ਨੂੰ ਘਰ ਦੇ ਕਮਰੇ ਵਿੱਚ ਵਿਛਾਈ ਚਾਦਰ 'ਤੇ ਬਿਠਾ ਕੇ ਪਰਮਜੀਤ ਵੱਲੋ ਦੁੱਧ ਪਿਲਾਇਆ ਜਾਂਦਾ ਹੈ । ਪਹਿਲਾਂ ਦੁੱਧ ਹਰਮਨ ਪੀਂਦਾ ਹੈ ਅਤੇ ਬਾਅਦ ਵਿਚ ਜੂਠਾ ਦੁੱਧ ਜੋਤ ਪੀਂਦੀ ਹੈ ।ਇਸ ਤੋਂ ਬਾਅਦ ਦੋਵਾਂ ਦਾ ਘਿਉ ਦੀ ਚੂਰੀ ਨਾਲ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ ।

ਪਰਮਜੀਤ ਹਰਮਨ ਦੇ ਚਾਚੇ ਦੇ ਮੁੰਡੇ ਨੂੰ ਅਵਾਜ ਮਾਰ ਕੇ ਗੋਦੀ ਚ ਬੈਠਣ ਲਈ ਕਹਿੰਦੀ ਹੈ। ਕਰਨ(ਹਰਮਨ ਦੇ ਚਾਚੇ ਦਾ ਮੁੰਡਾ)ਜੋਤ ਦੀ ਗੋਦੀ ਚ 2100 ਰੁਪਏ ਸ਼ਗੁਨ ਪਾ ਉਸ ਕੋਲ ਬੈਠ ਜਾਂਦਾ ਹੈ ਅਤੇ ਜੋਤ ਉਸਨੂੰ ਬਦਲੇ ਚ 3100 ਰੁਪਏ ਦਿੰਦੀ ਹੈ।ਸਾਰੀਆਂ ਰਸਮਾਂ

ਕਰਨ ਤੋਂ ਬਾਅਦ ਜੋਤ ਨੂੰ ਹਰਮਨ ਦੀ ਮਾਮੇ ਦੀ ਕੁੜੀ ਉਠਾ ਕੇ ਕਮਰੇ ਚ ਕੱਪੜੇ ਬਦਲਣ ਲਈ ਲੈ ਜਾਂਦੀ ਹੈ।ਰਾਤ ਨੂੰ ਰੋਟੀ ਖਾ ਸਾਰੇ ਥੱਕੇ ਹੋਣ ਕਰਕੇ ਸੌਣ ਲਈ ਚਲੇ ਜਾਂਦੇ ਹਨ।

ਅਗਲੇ ਦਿਨ ਸਵੇਰੇ ਸੁੱਚੇ ਮੂੰਹ ਹਰਮਨ ਅਤੇ ਜੋਤ ਨੂੰ ਗੁਰੂਦਵਾਰਾ ਸਾਹਿਬ ਮੱਥਾ ਟਿਕਾਇਆ ਜਾਂਦਾ ਹੈ। ਫਿਰ ਘਰ ਆ ਕੇ ਗਾਨਾ ਖੇਡਣ ਦੀ ਰਸਮ ਕੀਤੀ ਜਾਂਦੀ ਹੈ। ........

ਪਿਛਲੇ ਭਾਗ ਵਿੱਚ ਤੁਸੀਂ ਪੜ੍ਹ ਚੁੱਕੇ ਹੋ ਕਿ ਅਗਲੇ ਦਿਨ ਸਵੇਰੇ ਸੁੱਚੇ ਮੂੰਹ ਹਰਮਨ ਅਤੇ ਜੋਤ ਨੂੰ ਗੁਰੂਦਵਾਰਾ ਸਾਹਿਬ ਮੱਥਾ ਟਿਕਾਇਆ ਲਿਆਂਦਾ ਜਾਂਦਾ ਹੈ । ਫਿਰ ਘਰ ਆ ਕੇ ਗਾਨਾ ਖੇਡਣ ਦੀ ਰਸਮ ਕੀਤੀ ਜਾਂਦੀ ਹੈ।

ਹਰਮਨ ਦੀ ਮਾਮੀ ਪਰਾਤ ਵਿਚ ਕੱਚੀ ਲੱਸੀ ਅਤੇ ਕੁੱਝ ਗੁਲਾਬ ਦੀਆਂ ਪੰਖੜੀਆਂ ਪਾ ਕੇ ਪਰਾਤ ਨੂੰ ਫ਼ਰਸ਼ ਤੇ ਵਿਛੀ ਚਾਦਰ ਉੱਤੇ ਰੱਖਦੀ ਹੋਈ ਪਰਮਜੀਤ ਨੂੰ ਹਰਮਨ ਅਤੇ ਜੋਤ ਨੂੰ ਗਾਨਾ ਖੇਡਣ ਲਈ ਬੁਲਾਉਣ ਲਈ ਕਹਿੰਦੀ ਹੈ। ਹਰਮਨ ਅਤੇ ਜੋਤ ਆ ਕੇ ਪਰਾਤ ਦੇ ਦੋਨੋ ਪਾਸੇ ਇੱਕ ਦੂਜੇ ਦੇ ਸਾਹਮਣੇ ਬੈਠ ਜਾਂਦੇ ਹਨ। ਸਾਰੇ ਰਿਸ਼ਤੇਦਾਰ ਹਰਮਨ ਤਾਂ ਜੋਤ ਦੇ ਆਲੇ ਦੁਆਲੇ ਬੈਠ ਜਾਂਦੇ ਹਨ। ਲਾਗਣ (ਨੈਣ)ਹਰਮਨ ਨੂੰ ਪਹਿਲਾ ਜੋਤ ਦੀ ਬਾਂਹ ਤੇ ਬੰਨਿਆ ਗਾਨੇ ਦੀਆਂ ਪੀਚਵੀਆਂ 7 ਗੱਠਾਂ ਖੋਲਣ ਲਈ ਕਹਿੰਦੀ ਹੈ। ਹਰਮਨ ਕਾਫੀ ਸੰਘਰਸ਼ ਕਰਨ ਤੋਂ ਬਾਅਦ ਜੋਤ ਦੇ ਬੰਨੇ ਗਾਨੇ ਦੀਆਂ 7 ਗੰਢਾਂ ਖੋਲ ਕੇ,ਗਾਨੇ ਨੂੰ ਕਾਹਲੀ ਨਾਲ ਆਪਣੇ ਵੱਲ ਖਿੱਚ ਲੈਂਦਾ ਹੈ । ਫਿਰ ਜੋਤ ਹਰਮਨ ਦੀ ਬਾਂਹ ਤੇ ਬੰਨਿਆ ਗਾਨਾ ਆਪਣੇ ਵਧਾਏ ਹੋਏ ਨੋਹਾਂ ਨਾਲ ਜਲਦੀ ਖੋਲ ਕੇ ਆਪਣੇ ਵੱਲ ਖਿੱਚ ਲੈਂਦੀ ਹੈ। ਸਾਰੇ ਜਾਣੇ ਤਾੜੀਆਂ ਵਜਾਉਂਦੇ ਹਨ। ਕੋਲ ਖੜਾ ਹਰਮਨ ਦਾ ਮਾਮਾ ਹੱਸਦੇ ਹੋਏ ਬੋਲਦਾ ਹੈ ,"ਇਹ ਤਾਂ ਮੈਚ ਰਹਿ ਗਿਆ ਬਰਾਬਰ।" ਅੱਗੇ ਦੇਖਦੇ ਕੌਣ ਜਿੱਤਦਾ ਹੈ। ਹੋਰ ਕੌਣ ਜਿੱਤੂ,ਮੇਰੀ ਧੀ ਹੀ ਜਿੱਤੇਗੀ,ਹੱਸਦੀ ਹੋਈ ਪਰਮਜੀਤ ਕਹਿਣ ਲੱਗੀ।

ਗਾਨੇ ਖੁੱਲ੍ਹਣ ਤੋਂ ਬਾਅਦ ਲਾਗਣ (ਨੈਣ) ਦੋਵੇਂ ਗਾਨੇ ਹੱਥ ਵਿਚ ਫੜ ਕੇ ਨਾਲ ਕੁੱਝ ਪੈਸੇ (ਸਿੱਕੇ)ਅਤੇ ਇੱਕ ਚਾਂਦੀ ਦਾ ਰੁਪਈਆ ਲੈ ਕੇ ਕੱਚੀ ਲੱਸੀ ਨਾਲ ਭਰੀ ਪਰਾਤ ਵਿੱਚ ਸੁੱਟਦੀ ਹੈ ।ਸੱਤੇ ਵਾਰੀ ਜੋਤ ਹੀ ਚਾਂਦੀ ਦਾ ਸਿੱਕਾ ਲੱਭ ਲੈਂਦੀ ਹੈ। ਲਾਗਣ (ਨੈਣ) ਸਾਰੇ ਪੈਸੇ ਅਤੇ ਗਾਨੇ ਇਕੱਠੇ ਕਰਕੇ ਹਰਮਨ ਨੂੰ ਫੜਾਉਂਦੀ ਹੋਈ ਕਹਿੰਦੀ ਹੈ ਕਿ,"ਪੁੱਤ ਆ ਸਾਰੇ ਪੈਸੇ ਅਤੇ ਗਾਨੇ ਜੋਤ ਦੀ ਝੋਲੀ "ਖੱਟਿਆ ਕਮਾਇਆ ਤੇਰੇ ਝੋਲੀ ਪਾਇਆ" ਕਹਿ ਕੇ ਪਾ ਦੇ।"

"ਮੇਰਾ ਖਟਿਆ ਮੈਂ ਮੇਰੀ ਜੇਬ ਚ ਪਾਇਆ.....ਤੂੰ ਅਪਣਾ ਖਟਿਆ ਕਮਾਇਆ ਖੁਦ ਦੇ ਪਰਸ ਚ ਜਾਈ ਕਰ ਪਾਇਆ" ਇਹੀ ਕਹਿਣਾ ਆ ਨਾਲ ਅੰਟੀ ਮਜਾਕ ਚ ਹੱਸਦੇ ਹੋਏ ਹਰਮਨ ਬੋਲਿਆ। ਹਰਮਨ ਦੀ ਗੱਲ ਸੁਣ ਕੇ ਸਾਰੇ ਹੱਸਣ ਲਗ ਗਏ। ਚੱਲ ਛਿੱਤਰਾਂ ਜਿਹਾ ਚੁੱਪ ਕਰ ਬਹੁਤੀਆਂ ਮਸਕਰੀਆਂ ਸੁੱਝਦੀਆਂ ਤੈਨੂੰ ਜਿਹੜੀਆਂ। ਪੁੱਤ ਦੱਬ ਕੇ ਖਰਚਾ ਕਰਾਈ ਇਹਦਾ। ਪਿਆਰ ਨਾਲ ਜੋਤ ਦੇ ਸਿਰ ਪਲੋਸਦੀ ਲਾਗਣ ਬੋਲੀ।

ਫਿਰ ਹਰਮਨ ਲਾਗਣ (ਨੈਣ) ਦੇ ਕਹੇ ਅਨੁਸਾਰ " ਖੱਟਿਆ ਕਮਾਇਆ ਤੇਰੇ ਝੋਲੀ ਪਾਇਆ"ਕਹਿ ਸਾਰੇ ਦੇ ਸਾਰੇ ਪੈਸੇ ਜੋਤ ਦੀ ਝੋਲੀ ਚ ਪਾ ਦਿੱਤੇ। ਹਰਮਨ ਅਤੇ ਜੋਤ ਉੱਠ ਕੇ ਕਮਰੇ ਚ ਬੈਠ ਕੇ ਰੋਟੀ ਖਾਣ ਲੱਗ ਗਏ।

ਰਾਤ ਨੂੰ ਜੋਤ ਦੇ ਸਵਾਗਤ ਲਈ ਹਰਮਨ ਨੇ ਆਪਣਾ ਕਮਰਾ ਬਹੁਤ ਗੁਲਾਬ ਦੇ ਫੁੱਲਾਂ ਨਾਲ ਸਿਜਾਇਆ ਅਤੇ ਕੁਝ ਗੁਲਾਬ ਦੀਆਂ ਪੰਖੜੀਆਂ ਨਾਲ ਬੈਡ ਦੇ ਵਿਚਕਾਰ ਦਿਲ ਬਣਾ ਕੇ ਬੈਡ ਸਿਜਾਇਆ ਹੋਇਆ ਸੀ। ਜਦੋ ਜੋਤ ਆਪਣੇ ਕਮਰੇ ਵਿਚ ਆਈ ਤਾਂ ਰੂਮ ਨੂੰ ਸਜਿਆ ਹੋਇਆ ਦੇਖ ਖੁਸ਼ ਦੇ ਨਾਲ ਨਾਲ ਹੈਰਾਨ ਵੀ ਹੋ ਗਈ। ਜੋਤ ਪੀਲੇ ਰੰਗ ਦੇ ਸੂਟ ਵਿਚ ਬੈਡ ਦੇ ਇਕ ਪਾਸੇ ਬੈਠ ਕੇ ਹਰਮਨ ਦਾ ਇੰਤਜਾਰ ਕਰਨ ਲੱਗੀ। ਥੋੜੀ ਦੇਰ ਬਾਅਦ ਕਾਲਾ ਪਜਾਮਾ ਅਤੇ ਨੀਲੇ ਰੰਗ ਦੀ ਟੀ ਸ਼ਰਟ ਪਾਈ ਹਰਮਨ ਕਮਰੇ ਚ ਦਾਖਿਲ ਹੋਇਆ।

ਜਦ ਹਰਮਨ ਬੈਡ ਤੇ ਜੋਤ ਦੇ ਕੋਲ ਆ ਕੇ ਬੈਠਿਆਂ ਤਾਂ ਹਰਮਨ ਕੰਬਨ ਲੱਗ ਗਈ। ਹਰਮਨ ਨੇ ਜੋਤ ਨੂੰ ਘਬਰਾਉਂਦੀ ਹੋਈ ਦੇਖ ਜੋਤ ਦਾ ਹੱਥ ਆਪਣੇ ਹੱਥ ਵਿਚ ਘੁੱਟ ਕੇ ਕਹਿਣ ਲੱਗਾ ,"ਜੋਤ,ਅਸੀਂ ਪਤੀ ਪਤਨੀ ਤੋਂ ਪਹਿਲਾ ਦੋਸਤ ਹਾਂ।" ਤੈਨੂੰ ਡਰਨ ਦੀ ਲੋੜ ਨਹੀਂ। ਤੂੰ ਬੇਝਿਜਕ ਕੋਈ ਵੀ ਗੱਲ ਮੇਰੇ ਨਾਲ ਕਰ ਸਕਦੀ ਹੈ। ਹਰਮਨ ਦੀਆਂ ਗੱਲਾਂ ਸੁਣ ਕੇ ਜੋਤ ਥੋੜਾ ਨੋਰਮਲ ਹੋ ਕੇ ਹਾਂ ਵਿਚ ਸਿਰ ਹਿਲਾ ਦਿੱਤਾ। ਹਰਮਨ ਨੇ ਆਪਣੇ ਪਜਾਮੇ ਦੀ ਜੇਬ ਵਿੱਚੋ ਇਕ ਡੱਬੀ ਕੱਢ ਕੇ ਉਸ ਵਿਚੋਂ ਰਿੰਗ ਨਿਕਲ ਕੇ ਰਿੰਗ ਜੋਤ ਦੀ ਉਂਗਲੀ ਵਿਚ ਪਾ ਦਿੱਤਾ ਅਤੇ ਫਿਰ ਦੋਨਾਂ ਨੇ ਆਪਣੇ ਆਪ ਨੂੰ ਇੱਕ ਦੂਜੇ ਨੂੰ ਸਮਰਪਣ ਕਰ ਦਿੱਤਾ। ਅਗਲੇ ਦਿਨ ਜੋਤ ਸਵੇਰੇ ਉੱਠ ਨਹਾ ਕੇ ਪਾਠ ਕਰਦੀ ਹੈ ਅਤੇ ਫਿਰ ਰਸੋਈ ਚ ਚਾਹ ਬਣਾਉਂਦੀ ਪਰਮਜੀਤ ਕੋਲ ਜਾ ਕੇ ਉਨ੍ਹਾਂ ਦੇ ਪੈਰੀ ਹੱਥ ਲਾਉਂਣ ਲੱਗਦੀ ਹੈ ਪਰ ਪਰਮਜੀਤ ਜੋਤ ਨੂੰ ਮਨਾ ਕਰਦੇ ਹੋਏ ਕਹਿੰਦੀ ਹੈ ਕਿ," ਪੁੱਤ ਤੈਨੂੰ ਅਸੀਂ ਧੀ ਬਣਾ ਕੇ ਲੈ ਕੇ ਆਏ ਹਾਂ । ਤੂੰ ਪੈਰੀ ਹੱਥ ਨਹੀਂ ਲਾਉਣੇ ਬਸ ਘੁੱਟ ਕੇ ਜੱਫੀ ਪਾ ਮਿਲਿਆ ਕਰ। ਜੋਤ ਨੇ ਇੱਕ ਸੁਣ ਖੁਸ਼ ਹੋ ਕੇ ਪਰਮਜੀਤ ਨੂੰ ਘੁੱਟ ਕੇ ਜੱਫੀ ਪਾ ਲਈ । ਵਿਆਹ ਤੋਂ ਬਾਅਦ ਜੋਤ ਸਾਰੇ ਬਹੁਤ ਪਿਆਰ ਕਰਦੇ ਹਨ।

ਵਿਆਹ ਤੋਂ ਬਾਅਦ ਹਰਮਨ ਜੋਤ ਨੂੰ ਕੀਤੇ ਨਾ ਕੀਤੇ ਘੁਮਾਉਣ ਲਈ ਲੈ ਜਾਂਦਾ। 10 ਦਿਨ ਘੁੰਮਦੇ ਫਿਰਦੇ ਕਿਸ ਤਰ੍ਹਾਂ ਨਿਕਲ ਗਏ ਜੋਤ ਨੂੰ ਪਤਾ ਹੀ ਨਹੀਂ ਲੱਗਾ। ਅਖੀਰ ਉਹ ਦਿਨ ਵੀ ਆ ਗਿਆ ਜਿਸ ਦਿਨ ਹਰਮਨ ਹੋਣਾ ਨੇ ਵਾਪਸ ਕੈਨੇਡਾ ਜਾਣਾ ਸੀ। ਹਰਮਨ ਨੇ ਫਲਾਈਟ ਦੀ ਟਿਕਟਾਂ ਬੁੱਕ ਕਰਾ ਲਈਆਂ ਅਤੇ ਜੋਤ ਨੇ ਬਿੰਦਰ ਹੋਣਾ ਨੂੰ ਫੋਨ ਕਰਕੇ ਕੇ ਦੱਸਿਆ ਕੇ,"ਮੰਮਾ, ਹਰਮਨ ਮੰਮੀ ਪਾਪਾ ਦੀ ਪਰਸੋ ਦੀ ਫਲਾਈਟ ਹੈ।" ਤੁਸੀਂ ਆ ਕੇ ਮਿਲ ਜਾਇਓ ਅਤੇ ਮੈਨੂੰ ਵੀ ਲੈ ਜਾਇਓ ।" ਠੀਕ ਆ ਪੁੱਤ, ਅਸੀਂ ਆ ਜਾਵਾਂਗੇ,ਮੈਂ ਕਿਸੇ ਦੇ ਘਰ ਆਈ ਹਾਂ,ਤੈਨੂੰ ਘਰ ਜਾ ਕਾਲ ਕਰਦੀ ਹਾਂ,ਕਹਿ ਬਿੰਦਰ ਨੇ ਫੋਨ ਕੱਟ ਦਿੱਤਾ।

ਹਰਮਨ ਆਪਣੇ ਕਮਰੇ ਵਿਚ ਬੈਗ ਪੈਕ ਕਰ ਰਿਹਾ ਸੀ ਕਿ ਜਦੋ ਉਸਦੀ ਨਜ਼ਰ ਜੋਤ ਤੇ ਪਈ ਤਾਂ ਉਸ ਦੀਆਂ ਭਰੀਆਂ ਅੱਖਾਂ ਦੇਖ ਹਰਮਨ ਉਸ ਕੋਲ ਆ ਕੇ ਉਸਨੂੰ ਬੈਡ ਤੇ ਬਿਠਾਉਂਦੇ ਹੋਏ ਬੋਲਿਆ,"ਜਾਨ,ਰੋ ਨਾ।"

ਬਸ ਕੁੱਝ ਮਹੀਨੇ ਹੀ ਆ। ਤੂੰ ਪੇਪਰ ਦੇ ਕੇ IELTS ਕਰ ਤੈਨੂੰ ਬੁਲਾ ਲੈਣਾ ਜਲਦੀ । ਤੂੰ ਵੀ ਜਾਣਦੀ ਹੈ ਨਾ ,ਮੈਂ ਵੀ ਨਹੀਂ ਰਹਿ ਸਕਦਾ ਤੇਰੇ ਬਿਨਾਂ । I LOVE YOU SO MUCH ਹਰਮਨ ਨੇ ਜੋਤ ਨੂੰ ਜੱਫੀ ਪਾਉਂਦੇ ਹੋਏ ਕਿਹਾ। I LOVE YOU SO MUCH ਜੋਤ ਨੇ ਭਾਵਨਾਤਮਕ ਅਵਾਜ ਵਿਚ ਹਰਮਨ ਨੂੰ ਦੋਨਾਂ ਬਾਹਾਂ ਨਾਲ ਘੁੱਟਦੇ ਹੋਏ ਬੋਲਿਆ ।

ਨਾਲੇ ਮੋਟੀ ,ਤੂੰ ਵੀ ਕੱਪੜੇ ਕਰ ਪੈਕ । ਕੱਲ ਤੂੰ ਵੀ ਤਾਂ ਜਾਣਾ ਹੈ ਆਪਣੇ ਘਰ ,ਹਰਮਨ ਨੂੰ ਜੋਤ ਦੇ ਮੂੰਹ ਤੇ ਹਲਕੀ ਜਹੀ ਚਪੇੜ ਮਾਰਦੇ ਹੋਏ ਬੋਲਿਆ ।

ਅਗਲੇ ਦਿਨ ਬਿੰਦਰ ਅਤੇ ਮਨਪ੍ਰੀਤ ਆਪਣੇ ਦੋਨਾਂ ਬੱਚਿਆਂ ਨਾਲ ਜੋਤ ਦੇ ਸੋਹਰੇ ਘਰ ਹਰਮਨ ਹੋਣਾ ਨੂੰ ਮਿਲਣ ਆਏ। ਕੁਝ ਸਮਾਂ ਬੈਠ ਕੇ ਸਭ ਨੇ ਗੱਲਾਂ ਕੀਤੀਆਂ ਫਿਰ ਹਰਮਨ ਨੇ ਆਪਣੇ ਪਾਪਾ ਨੂੰ ਕਿਹਾ,"ਪਾਪਾ ਚਲੋ ਨਿਕਲਦੇ ਆ ਏਅਰਪੋਰਟ ਲਈ।" ਰਸਤੇ ਚ ਟ੍ਰੈਫ਼ਿਕ ਵੀ ਹੋਣਾ ਕੀਤੇ ਲੇਟ ਨਾ ਹੋ ਜਾਈਏ ।

ਹਰਮਨ ਨੇ ਆਪਣੇ ਅਤੇ ਆਪਣੇ ਬੈਗ ਲਿਆ ਕੇ ਕਰਾਏ ਦੀ ਗੱਡੀ ਵਿਚ ਅਤੇ ਜੋਤ ਦੇ ਬੈਗ ਉਸਦੇ ਮੰਮੀ ਪਾਪਾ ਦੀ ਕਾਰ ਵਿਚ ਰੱਖ ਦਿੱਤੇ।

ਹਰਮਨ ਨੇ ਸਭ ਦੇ ਪੈਰੀ ਹੱਥ ਲਾ ਕੇ ਸਭ ਤੋਂ ਅਸ਼ੀਰਵਾਦ ਲਿਆ ਅਤੇ ਜੋਤ ਨੂੰ ਜੱਫੀ ਪਾਉਂਦੇ ਹੋਏ ਕਿਹਾ,"ਜਾਨ ਆਪਣਾ ਧਿਆਨ ਰੱਖਣਾ।" ਹਰਮਨ ਅਤੇ ਉਸਦੇ ਮੰਮੀ ਪਾਪਾ ਨੂੰ ਤੋਰ ਕੇ ਜੋਤ ਵੀ ਆਪਣੇ ਮੰਮੀ ਪਾਪਾ ਨਾਲ ਆਪਣੇ ਘਰ ਨੂੰ ਕਾਰ ਚ ਬੈਠ ਤੁਰ ਪਈ।........

ਘਰ ਆ ਕੇ ਜੋਤ ਨੇ ਅਗਲੇ ਦਿਨ ਤੋਂ ਕਾਲਜ ਜਾਣਾ ਸ਼ੁਰੂ ਕਰ ਦਿੱਤਾ। ਜਦੋ ਜੋਤ ਕਲਾਸ ਵਿਚ ਪੁਹੰਚ ਤਾਂ ਅੰਮ੍ਰਿਤ ਉਸਨੂੰ ਦੇਖ ਕੇ ਖੁਸ਼ ਹੋ ਗਈ ਅਤੇ ਉਸਨੇ ਭੱਜ ਕੇ ਜੋਤ ਨੂੰ ਦੋਨਾਂ ਬਾਹਾਂ ਨਾਲ ਘੁੱਟ ਕੇ ਗਲੇ ਲਾ ਲਿਆ। ਸਭ ਅਧਿਆਪਕਾਂ ਅਤੇ ਕਲਾਸਮੇਟ ਨੇ ਜੋਤ ਨੂੰ ਵਧਾਈ ਦਿੱਤੀ।ਸਭ ਤੋਂ ਪਹਿਲਾ ਜੋਤ ਨੇ 15 ਦਿਨ ਪਿੱਛੇ ਪਿਆ ਸਾਰਾ ਕੰਮ ਅੰਮ੍ਰਿਤ ਤੋਂ ਪੁੱਛ ਕੇ ਉਹ ਪੂਰਾ ਕੀਤਾ। ਦੋ ਮਹੀਨੇ ਬਾਅਦ ਜੋਤ ਹੋਣਾ ਦੇ B.COM ਫਾਈਨਲ ਦੇ ਪੇਪਰ ਵੀ ਸ਼ੁਰੂ ਹੋਣ ਵਾਲੇ ਸਨ ਅਤੇ ਇਸ ਲਈ ਜੋਤ ਅਤੇ ਅੰਮ੍ਰਿਤ ਨੇ ਰਿਸੈਸ ਅਤੇ ਫ੍ਰੀ ਲੈਕਚਰ ਵਿੱਚ ਪੇਪਰਾਂ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ।

B.COM ਫਾਈਨਲ ਦੇ ਪੇਪਰਾਂ ਤੋਂ ਬਾਅਦ ਜੋਤ ਨੇ ਈਐਲਟਸ ਕਰਨੀ ਸ਼ੁਰੂ ਕਰ ਦਿੱਤੀ। ਢੇਡ ਮਹੀਨੇ ਤਿਆਰੀ ਕਰਨ ਤੋਂ ਬਾਅਦ ਜੋਤ ਨੇ ਈਐਲਟਸ ਦਾ ਪੇਪਰ ਦੇ ਦਿੱਤਾ ਅਤੇ 7 ਬੈਂਡ ਲੈਣ ਤੋਂ ਬਾਦ ਜੋਤ ਨੇ ਕੈਨੇਡਾ ਪੜ੍ਹਾਈ ਲਈ ਅਪਲਾਈ ਕਰ ਦਿੱਤਾ। ਅੰਮ੍ਰਿਤ ਨੂੰ ਵੀ ਉਸਦਾ ਪਤੀ ਇਟਲੀ ਆ ਕੇ ਲੈ ਗਿਆ।

ਕੈਨੇਡਾ ਦਾ ਸਟੱਡੀ ਵੀਜ਼ਾ ਆਉਣ ਤੇ ਹਰਮਨ ਜੋਤ ਨੂੰ ਆ ਕੇ ਕੈਨੇਡਾ ਲੈ ਗਿਆ ਅਤੇ ਜੋਤ ਦੇ ਪਰਿਵਾਰ ਨੇ ਘਰ ਨੂੰ ਸਜਾ ਕੇ ਜੋਤ ਦਾ ਕੈਨੇਡਾ ਵਿਚ ਸਵਾਗਤ ਕੀਤਾ। ਜੋਤ ਨੇ accounting ਦੀ ਪੜ੍ਹਾਈ ਲਈ Stanford International College of Business and Technology (ਕੈਨੇਡਾ ) ਜਾਣਾ ਸ਼ੁਰੂ ਕਰ ਦਿੱਤਾ। ਓਥੇ ਜੋਤ ਦੀਆਂ ਦੋ ਸਹੇਲੀਆਂ ਹੇਜ਼ਲ ਅਤੇ ਨਿਮਰਤ ਬਣੀਆਂ ਪਰ ਅੰਮ੍ਰਿਤ ਦੀ ਕਮੀ ਜੋਤ ਨੂੰ ਹਮੇਸ਼ਾ ਖਲਦੀ । ਇਸ ਲਈ ਹਰ ਐਤਵਾਰ ਜੋਤ ਅੰਮ੍ਰਿਤ ਨੂੰ ਫੋਨ ਕਰਕੇ ਬਹੁਤ ਗੱਲਾਂ ਕਰਦੀ।

ਹਰਮਨ ਜੋਤ ਨੂੰ ਹਰ ਰੋਜ ਸਵੇਰੇ ਛੱਡ ਅਤੇ ਸ਼ਾਮ ਨੂੰ ਲੈ ਕੇ ਵੀ ਕਾਲਜ ਤੋਂ ਆਉਂਦਾ। ਪਰ ਜਦੋ ਜੋਤ ਦਾ ਕਾਰ ਲਾਇਸੈਂਸ ਬਣ ਗਿਆ ਤਾਂ ਜੋਤ ਖੁਦ ਹੀ ਕਾਰ ਚਲਾ ਕੇ ਕਾਲਜ ਜਾਣ ਲੱਗ ਗਈ।

ਜੋਤ ਨੂੰ ਕੈਨਡਾ ਵਿੱਚ ਪਰਮਜੀਤ ਓਵੇ ਹੀ ਪਿਆਰ ਕਰਦੀ ਜਿਵੇਂ ਬਿੰਦਰ ਜੋਤ ਨੂੰ ਪਿਆਰ ਕਰਦੀ ਸੀ। ਹਰਮਨ ਛੁੱਟੀ ਵਾਲੇ ਦਿਨ ਜੋਤ ਨੂੰ ਘੁਮਾਉਣ ਲਈ ਲੈ ਜਾਂਦਾ। ਕੈਨੇਡਾ ਆ ਕੇ ਜੋਤ ਨੂੰ ਬਿਲਕੁਲ ਵੀ ਓਪਰਾ ਨਾ ਲੱਗਾ।

ਅਕਾਊਂਟਿੰਗ ਦੀ ਪੜ੍ਹਾਈ ਪੂਰੀ  ਕਰਨ ਤੋਂ ਬਾਅਦ ,ਅੱਜ ਜੋਤ ਆਪਣੇ ਕਾਲਜ ਡਿਗਰੀ ਲੈਣ ਆਈ ਹੋਈ ਸੀ। ਅਜੇ ਜੋਤ ਪੁਰਾਣੀਆਂ ਸੋਚਾਂ ਵਿਚ ਗੁਵਾਚੀ ਹੋਈ ਸੀ ਕਿ ਹਰਮਨ ਨੇ ਹੱਥ ਨਾਲ ਜੋਤ ਦੇ ਮੋਢੇ ਨੂੰ ਹਲਾਉਂਦੇ ਹੋਏ,"ਜਾਨ ਜਾਨ ,ਕਿਹੜੀਆਂ ਸੋਚਾਂ ਵਿਚ ਗੁਵਾਚੀ ਆ ,ਚੱਲੀਏ ਘਰ ਹੁਣ ।"

ਫੰਕਸ਼ਨ ਖਤਮ ਹੋ ਗਿਆ।ਹਾਂਜੀ,ਜੋਤ ਨੇ ਹਲਕੀ ਜਹੀ ਮੁਸਕਾਨ ਚਿਹਰੇ ਤੇ ਦਿਖਾਉਂਦੇ ਹੋਏ ਬੋਲੀ ਅਤੇ ਹੇਜ਼ਲ ਅਤੇ ਨਿਮਰਤ  ਨੂੰ ਬਾਏ ਬੋਲ ਉੱਠ ਕੇ ਹਰਮਨ ਨਾਲ  ਤੁਰ ਪਈ। ਕਾਲਜ ਦੇ ਬਾਹਰ ਲਈ ਕਾਰ ਵਿੱਚ ਬੈਠ ਦੋਨੋ ਘਰ ਆ ਗਏ ।

ਘਰ ਪਹੁੰਚ ਕੇ ਜੋਤ ਨੇ ਬਿੰਦਰ ਨੂੰ ਫੋਨ ਕੀਤਾ ਅਤੇ ਖੁਸ਼ ਹੁੰਦੇ ਹੋਏ ਬੋਲੀ ,"ਮੰਮਾ,ਮੈਨੂੰ ਡਿਗਰੀ ਮਿਲ ਗਈ।" ਬਹੁਤ ਬਹੁਤ ਵਧਾਈ ਹੋਵੇ ਮੇਰੀ ਧੀ ਨੂੰ,ਬਿੰਦਰ ਨੇ ਖੁਸ਼ ਹੁੰਦੇ ਬੋਲੀ । ਮੰਮਾ!ਤੁਹਾਡਾ ਇੱਕ ਸੁਪਨਾ ਤਾਂ ਪੂਰਾ ਹੋ ਗਿਆ ਦੂਜਾ ਵੀ ਜਲਦੀ ਹੋਊਗਾ। ਤੁਹਾਡੀ ਧੀ ਪੜ੍ਹ ਲਿਖ ਤਾਂ ਗਈ ਅਤੇ ਜਲਦ ਹੀ ਕਮਾਓ ਧੀ ਵੀ ਬਣੂ ਗੀ ਖੁਸ਼ ਹੁੰਦੇ ਜੋਤ ਬੋਲੀ। ਮੈਨੂੰ ਪੂਰਾ ਯਕੀਨ ਆ ਪੁੱਤ ਤੂੰ ਆਪਣੇ ਟੀਚੇ ਨੂੰ ਜਲਦੀ ਹੀ ਪੂਰਾ ਕਰ ਲਵੇਗੀ। ਵਾਹਿਗੁਰੂ ਜੀ ਤੇਰੇ ਹਮੇਸ਼ਾ ਅੰਗ ਸੰਗ ਸਹਾਈ ਰਹਿਣ ਅਤੇ ਤੂੰ ਤਰੱਕੀਆਂ ਮਾਣੇ ਦੁਵਾਵਾਂ ਦਿੰਦੀ ਹੋਈ ਬਿੰਦਰ ਪਿਆਰ ਨਾਲ ਬੋਲੀ। ਕੁੱਝ ਚਿਰ ਹੋਰ ਗੱਲਾਂ ਕਰ ਅਤੇ ਇੱਕ ਦੂਜੇ ਦਾ ਹਾਲ ਚਾਲ ਪੁੱਛ ਕੇ ਦੋਨਾਂ ਨੇ ਫੋਨ ਕੱਟ ਦਿੱਤਾ।

ਆਪਣੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਜੋਤ ਨੇ ਗੋਵਰਮੈਂਟ ਜੋਬ ਲਈ ਪੇਪਰ ਦੇਣੇ ਸ਼ੁਰੂ ਕਰ ਦਿਤੇ ਅਤੇ ਆਖਿਰਕਾਰ ਉਸਦੀ ਮਿਹਨਤ ਸਦਕਾ ਉਸਨੂੰ ਕੈਨੇਡਾ ਚ ਬੈਂਕ ਚ ਗੋਵਰਮੈਂਟ ਜੋਬ ਮਿਲ ਗਈ। ਜੋਤ ਨੇ ਇਹ ਖੁਸ਼ੀ ਘਰ ਆ ਕੇ ਸਭ ਨੂੰ ਦੱਸੀ ਅਤੇ ਉਸਦੀ ਇਹ ਗੱਲ ਸੁਣ ਕੇ ਪਰਮਜੀਤ ਬੱਸ ਇਨ੍ਹਾਂ ਹੀ ਬੋਲੀ, " ਪੁੱਤ! ਇਹ ਬਿੰਦਰ ਦਾ ਹੀ ਸੁਪਨਾ ਸੀ ਅਤੇ ਉਸਦੀ ਮਿਹਨਤ ਜੋ ਅੱਜ ਤੂੰ ਆਪਣੇ ਪੈਰਾਂ ਤੇ ਖੜੀ ਹੋ ਗਈ ਹੈ। ਵਾਹਿਗੁਰੂ ਜੀ ਹਰ ਧੀ ਨੂੰ ਓਹਦੇ ਵਰਗੀ ਮਾਂ ਦਵੇ। ਜੋ ਧੀ ਦੇ ਸੁਪਨਿਆਂ ਦੀ ਉਡਾਣ ਭਰਨ ਚ ਹਰ ਪਲ ਸਾਥ ਦਵੇ।।ਸਹੀ ਕਿਹਾ ਮੰਮੀ ਤੁਸੀਂ ਮੰਮਾ ਵਰਗੇ ਮਾਂ ਬਹੁਤ ਕਿਸਮਤ ਵਲਿਆ ਨੂੰ ਮਿਲਦੇ ਨੇ। ਸੌਖਾ ਨਹੀਂ ਹੁੰਦਾ ਕਿਸੇ ਔਰਤ ਲਈ ਦੂਜੇ ਦੇ ਬੱਚੇ ਨੂੰ ਸਵੀਕਾਰ ਕਰਨਾ ਪਰ ਮੰਮਾ ਨੇ ਤਾਂ ਮੈਨੂੰ ਕਦੇ ਪਰਾਇਆ ਮਹਿਸੂਸ ਹੋਣ ਨਹੀਂ ਦਿੱਤਾ। ਆਪਣੇ ਬੱਚੇ ਨੂੰ ਤਾਂ ਹਰ ਕੋਈ ਪਿਆਰ ਕਰ ਲੈਂਦਾ ਹੈ ਪਰ ਕਿਸੇ ਦੂਜੇ ਦੇ ਬੱਚੇ ਨੂੰ ਪਿਆਰ ਕਰਨ ਵਾਲੀ ਕੋਈ ਹੀ ਰੱਬੀ ਰੂਹ ਇਸ ਦੁਨੀਆਂ ਤੇ ਹੁੰਦੀ ਹੈ। ਨਹੀਂ ਤਾਂ ਮੈਂ ਦੇਖਿਆ ਲੋਕ  ਦੂਜਿਆਂ ਦੇ ਧੀ ਪੁੱਤ ਦੀ ਜ਼ਿੰਦਗੀ ਖਰਾਬ ਕਰਨ ਲੱਗੇ ਇੱਕ ਪਲ ਨਹੀਂ ਸੋਚਦੇ। ਪਰ ਮੇਰੀਆਂ ਤਾਂ ਦੋ ਮਾਵਾਂ ਨੇ ਜੋ ਮੈਨੂੰ ਪਲਕਾਂ ਤੇ ਬਿਠਾ ਕੇ ਰੱਖਦੀਆਂ ਨੇ ਬੋਲਦਿਆਂ ਪਰਮਜੀਤ ਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਹੱਸਣ ਲੱਗੀਆਂ।

********************

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com